# ਮਾਨਸਿਕ ਸਿਹਤ ਸੇਵਾਵਾਂ ਦਾ ਕਾਨੂੰਨ
# ਕਮਿਉਨਿਟੀ ਸੇਵਾਵਾਂ ਅਤੇ ਸਹਾਇਤਾ

## ਸੱਟਰ-ਯੂਬਾ ਮਾਨਸਿਕ ਸਿਹਤ ਸੇਵਾਵਾਂ
## ਤਿੰਨ ਸਾਲਾਂ ਪ੍ਰੋਗਰਾਮ ਅਤੇ ਖਰਚ ਯੋਜਨਾ ਬਾਰੇ ਤਾਜ਼ੀ ਜਾਣਕਾਰੀ

ਵਿੱਤੀ ਸਾਲ 2008-09

# ਮਾਨਸਿਕ ਸਿਹਤ ਸੇਵਾਵਾਂ ਕਾਨੂੰਨ (ਮੈਂਟਲ ਹੈਲਥ ਸਰਵਿਸਿਜ਼ ਐਕਟ) - ਕਮਿਊਨਿਟੀ ਸੇਵਾਵਾਂ ਅਤੇ ਸਹਾਇਤਾ (CSS) ਵਿੱਤੀ ਸਾਲ 2008-09 ਤਿੰਨ ਸਾਲਾਂ ਪ੍ਰੋਗਰਾਮ ਅਤੇ ਖਰਚ ਯੋਜਨਾ ਬਾਰੇ ਤਾਜ਼ੀ ਜਾਣਕਾਰੀ

## A. ਕਾਊਂਟੀ ਮਾਨਸਿਕ ਸਿਹਤ ਦੇ ਡਾਇਰੈਕਟਰ ਵੱਲੋਂ ਪੁਸ਼ਟੀ ਕਿ ਕਾਊਂਟੀ, ਕੈਲੀਫੋਰਨੀਆ ਕੋਡ ਆਫ਼ ਰੈਗੂਲੇਸ਼ਨਜ਼ (CCR) ਦੇ ਸੈਕਸ਼ਨ 3410 ਦੀਆਂ ਬਦਲੀਆਂ ਨਾ ਜਾਣ ਵਾਲੀਆਂ ਲੋੜਾਂ ਦੀ ਤਾਮੀਲ ਕਰੇਗੀ

ਵਿਖਾਲਾ 1 ਨੂੰ ਅੰਤਿਕਾ A ਵਿੱਚ ਨੱਥੀ ਕੀਤਾ ਗਿਆ ਹੈ।

## B. ਵਿੱਤੀ ਸਾਲ 2008-09 ਵਾਸਤੇ ਪ੍ਰੋਗਰਾਮ ਕਾਰਜ-ਯੋਜਨਾ ਦੀਆਂ ਸੂਚੀਆਂ ਜੋ ਵਿੱਤੀ ਸਾਲ 2008-09 ਵਾਸਤੇ ਸੱਟਰ-ਯੂਬਾ ਮਾਨਸਿਕ ਸਿਹਤ ਸੇਵਾਵਾਂ ਲਈ ਵਰਤਮਾਨ ਕਾਰਜ-ਯੋਜਨਾ ਵਾਸਤੇ ਫੰਡਾਂ ਦੀ ਬੇਨਤੀ ਦਾ ਸਾਰ ਦਿੰਦੀਆਂ ਹਨ।

ਅੰਤਿਕਾ B ਵਿੱਚ ਵਿਖਾਲਾ 2 ਦੇਖੋ: ਕਾਰਜ-ਯੋਜਨਾ ਸੂਚੀ। ਸੱਟਰ-ਯੂਬਾ ਮਾਨਸਿਕ ਸਿਹਤ ਸੇਵਾਵਾਂ ਲਈ ਕਾਰਜ-ਯੋਜਨਾ ਜਾਰੀ ਹੈ ਅਤੇ ਇਹ ਵਰਿਧੀ ਯੋਜਨਾ ਵਿੱਚ ਪਛਾਣੇ ਗਏ ਚਾਰ ਪ੍ਰੋਗਰਾਮਾਂ ਨੂੰ ਵਧਾਉਂਦੀ ਹੈ। ਇਹ ਚਾਰ ਪ੍ਰੋਗਰਾਮ ਹਨ ਜ਼ਰੂਰੀ ਸੇਵਾਵਾਂ ਦਾ ਪ੍ਰੋਗਰਾਮ (Urgent Services Program), ਵਡੇਰੀ ਉਮਰ ਦੇ ਬਾਲਗ ਲਈ ਸਹਾਇਤਾ ਪ੍ਰੋਗਰਾਮ (Older Adult Assistance Program), ਨਸਲੀ ਬਾਹਰੀ-ਪਹੁੰਚ ਪ੍ਰੋਗਰਾਮ (Ethnic Outreach Program) ਅਤੇ ਏਕੀਕਿਰਤ ਸਮੁੱਚੀ ਸੇਵਾ ਪ੍ਰੋਗਰਾਮ (Integrated Full Service Program)। ਫੰਡਾਂ ਦਾ ਵੱਡਾ ਹਿੱਸਾ ਸਮੁੱਚੀ ਸੇਵਾ ਭਾਈਵਾਲੀ ਨੂੰ ਦਿੱਤਾ ਜਾਂਦਾ ਹੈ ਜਿਵੇਂ ਕਿ CCR ਦੇ ਸੈਕਸ਼ਨ 3620 ਦੁਆਰਾ ਲੋੜੀਂਦਾ ਹੈ। ਵਰਤਮਾਨ ਸਮੇਂ, ਸੱਟਰ-ਯੂਬਾ ਮਾਨਸਿਕ ਸਿਹਤ ਸੇਵਾਵਾਂ ਕੋਲ ਅਜਿਹੇ ਕੋਈ ਵੀ CSS ਫੰਡ ਨਹੀਂ ਹਨ ਜੋ ਪੂੰਜੀ ਸੁਵਿਧਾਵਾਂ, ਤਕਨਾਲੋਜੀ ਲੋੜਾਂ ਜਾਂ ਕਾਰਜ-ਬਲਾਂ ਦੀ ਸਿੱਖਿਆ ਅਤੇ ਸਿਖਲਾਈ ਨੂੰ ਸਮਰਪਿਤ ਹੋਣ।

## C. ਵਿਖਾਲਾ 2 ਵਿੱਚ ਪਛਾਣੀਆਂ ਗਈਆਂ ਲੋੜਾਂ ਵਾਸਤੇ ਨਵੀਂ MHSA CSS ਫੰਡ ਸਹਾਇਤਾ ਦੀ ਕੁੱਲ ਲੋੜੀਂਦੀ ਰਾਸ਼ੀ।

1. ਅੰਤਿਕਾ C ਵਿੱਚ ਵਿਖਾਲਾ 3R ਦੇਖੋ ਜੋ ਵਿੱਤੀ ਸਾਲ 08-09 ਵਾਸਤੇ ਯੋਜਨਾਬੰਦੀ ਦੇ ਅੰਦਾਜ਼ੇ ਦਿਖਾਉਂਦਾ ਹੈ ਜਿਸ ਵਿੱਚ ਵਿੱਤੀ ਸਾਲ 06-07 ਅਤੇ ਵਿੱਤੀ ਸਾਲ 07-08 ਵਾਸਤੇ ਸਵੀਕਾਰੇ ਨਾ ਗਏ ਯੋਜਨਾਬੰਦੀ ਅੰਦਾਜ਼ੇ (ਉਹ ਫੰਡ ਜਿਨ੍ਹਾਂ ਵਾਸਤੇ ਪਹਿਲਾਂ ਵਚਨਬੱਧਤਾ ਨਹੀਂ ਸੀ ਦਿੱਤੀ ਗਈ) ਵੀ ਸ਼ਾਮਲ ਹਨ ਜਿਨ੍ਹਾਂ ਦੀ ਵਿੱਤੀ ਸਾਲ 08-09 ਵਿੱਚ ਖ਼ਰਚੇ ਜਾਣ ਦੀ ਤਜਵੀਜ਼ ਹੈ।

2. ਸਾਡੇ ਪ੍ਰੋਗਰਾਮਾਂ ਵਾਸਤੇ ਬੇਨਤੀ ਕੀਤੇ ਗਏ ਫੰਡ, ਵਿੱਤੀ ਸਾਲ 08-09 ਵਾਸਤੇ ਯੋਜਨਾਬੰਦੀ ਦੇ ਅੰਦਾਜ਼ਿਆਂ ਅਤੇ ਪਿਛਲੇ ਸਾਲਾਂ ਦੇ ਸਵੀਕਾਰੇ ਨਾ ਗਏ ਯੋਜਨਾਬੰਦੀ ਅੰਦਾਜ਼ਿਆਂ ਤੋਂ ਵੱਧ ਹਨ। ਸੱਟਰ-ਯੂਬਾ ਮਾਨਸਿਕ ਸਿਹਤ ਸੇਵਾਵਾਂ, ਇਹ ਪੂਰਵ ਅਨੁਮਾਨ ਲਾਉਂਦੀ ਹੈ ਕਿ ਮੈਡੀਕਲ ਫੈਡਰਲ ਫਾਈਨੈਂਸ਼ਲ ਪਾਰਟੀਸ਼ਿਪੇਸ਼ਨ (Medi-Cal FFP) ਤੋਂ ਲੱਗਭਗ $1,150,000 ਦੇ ਬਰਾਬਰ ਫੰਡ ਮਿਲਣਗੇ। ਇਸਤੋਂ ਇਲਾਵਾ ਅਸੀਂ ਪੂਰਵ ਅਨੁਮਾਨ ਲਾ ਰਹੇ ਹਾਂ ਕਿ ਅਰਲੀ ਪੀਰੀਔਡਿਕ ਸਕਰੀਨਿੰਗ, ਡਾਇਗਨੋਸਿਸ ਐਂਡ ਟਰੀਟਮੈਂਟ (EPSDT) ਤੋਂ $445,907 ਦਾ ਫੰਡ ਮਿਲੇਗਾ। ਇਹ ਫੰਡ ਵਿੱਤੀ ਸਾਲ 08-09 ਵਾਸਤੇ MHSA ਪ੍ਰੋਗਰਾਮਾਂ ਲਈ ਇੱਕ ਸੰਤੁਲਿਤ ਬਜਟ ਮੁਹੱਈਆ ਕਰਾਉਣਗੇ।

## D. ਵਿਵੇਕਸ਼ੀਲ ਰਾਖਵੀਂ ਯੋਜਨਾ (Prudent Reserve Plan)

DMH ਦੇ ਜਾਣਕਾਰੀ ਨੋਟਿਸ ਨੰਬਰ 08-16 'ਤੇ ਅਧਾਰਤ ਇੱਕ ਵਿਵੇਕਸ਼ੀਲ ਰਾਖਵੀਂ ਯੋਜਨਾ ਦੀ 1 ਜੁਲਾਈ, 2009 ਤੱਕ ਲੋੜ ਨਹੀਂ ਹੈ।

## E. ਵਿਖਾਲਾ 2 ਵਿੱਚ ਦਿੱਤੀ ਗਈ ਹਰੇਕ ਕਾਰਜ-ਯੋਜਨਾ ਵਾਸਤੇ ਬਜਟ ਅਤੇ ਬਜਟ ਦੇ ਵਰਨਨਾਂ ਦੀ ਸੂਚੀ (ਵਿਖਾਲਾ 5a ਅਤੇ 5b)

**ਸੰਚਾਲਨ** **(ਦੇਖੋ ਅੰਤਿਕਾ D, ਵਿਖਾਲਾ 5a)**

### ਕਰਮਚਾਰੀਆਂ ਦੇ ਖਰਚੇ:

ਵਿੱਤੀ ਸਾਲ 2008-09 ਵਾਸਤੇ ਕਰਮਚਾਰੀਆਂ ਦੇ ਅੰਦਾਜ਼ਨ ਖ਼ਰਚੇ $102,719 ਹਨ। ਇਹ ਰਕਮ ਪਿਛਲੇ ਸਾਲ ਦੇ ਖ਼ਰਚਿਆਂ ਨਾਲੋਂ $1,716 (1.6%) ਘੱਟ ਹੈ।

ਸੰਚਾਲਨ ਕਰਮਚਾਰੀਆਂ ਵਿੱਚ ਇੱਕ ਅੱਧੇ ਸਮੇਂ ਲਈ ਕੰਮ ਕਰਦਾ ਮੈਡੀਕਲ ਵਿੱਤੀ ਪ੍ਰਬੰਧਕ ਅਤੇ ਇੱਕ ਅੱਧੇ ਸਮੇਂ ਲਈ ਕੰਮ ਕਰਨ ਵਾਲਾ ਅਮਲਾ ਵਿਸ਼ਲੇਸ਼ਕ ਸ਼ਾਮਲ ਹੈ।

### ਕਾਊਂਟੀ ਦੁਆਰਾ ਵੰਡਿਆ ਸੰਚਾਲਨ:

ਵਿੱਤੀ ਸਾਲ 2008-09 ਵਾਸਤੇ ਕਾਊਂਟੀ ਦੁਆਰਾ ਵੰਡਿਆ ਸੰਚਾਲਨ $1,397,964 ਹੈ। ਇਹ ਪਿਛਲੇ ਸਾਲ ਦੇ ਖ਼ਰਚਿਆਂ ਨਾਲੋਂ $875,438 (167.5%) ਵੱਧ ਹੈ। ਇਹ ਵਾਧਾ ਸਾਡੇ ਮਾਨਸਿਕ ਸਿਹਤ ਸੇਵਾਵਾਂ ਕਾਨੂੰਨ ਦੇ ਸਾਰੇ ਪ੍ਰੋਗਰਾਮਾਂ ਵਿੱਚ ਕਰਮਚਾਰੀਆਂ ਵਿੱਚ ਹੋਏ ਗੈਰ-ਮਾਮੂਲੀ ਵਾਧਿਆਂ (ਮੂਲ ਯੋਜਨਾ ਵਿੱਚ 17.50 ਪਦਵੀਆਂ ਤੋਂ ਲੈ ਕੇ ਵਰਤਮਾਨ ਤਾਜ਼ੀ ਜਾਣਕਾਰੀ ਅਨੁਸਾਰ ਲੱਗਭਗ 50 ਪਦਵੀਆਂ ਤੱਕ) ਅਤੇ ਅਮਲੀ ਗਤੀਵਿਧੀ ਵਿੱਚ ਹੋਏ ਵਾਧਿਆਂ ਕਰਕੇ ਹੋਇਆ ਹੈ। ਬਹੁਤ ਸਾਰੀਆਂ ਵੱਖ-ਵੱਖ ਵਿਧੀਆਂ 'ਤੇ ਅਧਾਰਤ, ਇਸ ਸ਼੍ਰੇਣੀ ਦੇ ਖ਼ਰਚਿਆਂ ਨੂੰ ਹਰੇਕ ਬਜਟ ਵਿੱਚ ਵੰਡਿਆ ਜਾਂਦਾ ਹੈ। ਇਸ ਸ਼੍ਰੇਣੀ ਵਿੱਚ ਇਹ ਵੀ ਸ਼ਾਮਲ ਹਨ: ਬੀਮੇ ਦੇ ਖ਼ਰਚੇ (ਜੋ ਇਮਾਰਤਾਂ ਦੇ ਵਰਗ ਫੁੱਟ ਖੇਤਰਫਲਾਂ ਅਤੇ ਕਰਮਚਾਰੀਆਂ ਦੀ ਗਿਣਤੀ 'ਤੇ ਅਧਾਰਤ ਹਨ); ਫੋਟੋ ਕਾਪੀਆਂ ਕਰਨ ਵਾਲੀ ਮਸ਼ੀਨ ਦੇ ਖ਼ਰਚੇ (ਵਰਤੋਂ 'ਤੇ ਅਧਾਰਤ); ਗੱਡੀਆਂ ਦਾ ਚਲਨ ਅਤੇ ਸਾਂਭ-ਸੰਭਾਲ (ਗੱਡੀਆਂ ਦੀ ਵਰਤੋਂ 'ਤੇ ਅਧਾਰਤ); ਅਤੇ ਸੂਚਨਾ ਤਕੀਨੀਕੀ (ਵਰਤੋਂ ਵਿਚਲੇ ਕੰਪਿਊਟਰਾਂ ਦੀ ਗਿਣਤੀ 'ਤੇ ਅਧਾਰਤ)।

### ਮਾਲੀਏ:

MHSA ਦੇ ਬਕਾਇਆ ਫੰਡਾਂ ਤੋਂ ਅਸੀਂ ਵਿਆਜ ਦੇ ਰੂਪ ਵਿੱਚ $75,000 ਦੀ ਕਮਾਈ ਦਾ ਪੂਰਵ ਅਨੁਮਾਨ ਲਾਉਂਦੇ ਹਾਂ:

### ਕਾਊਂਟੀ ਸੰਚਾਲਨ ਦੀ ਫੰਡਾਂ ਦੀ ਕੁੱਲ ਲੋੜ:

ਵਿੱਤੀ ਸਾਲ 2008-09 ਵਾਸਤੇ ਕਾਊਂਟੀ ਸੰਚਾਲਨ ਦੀ ਫੰਡਾਂ ਦੀ ਕੁੱਲ ਲੋੜ $1,425,683 ਹੈ। ਇਹ ਪਿਛਲੇ ਸਾਲ ਦੇ ਖ਼ਰਚਿਆਂ ਨਾਲੋਂ $798,722 (127.4%) ਵੱਧ ਹੈ। ਜਿਵੇਂ ਕਿ ਪਹਿਲਾਂ ਸੰਕੇਤ ਦਿੱਤਾ ਗਿਆ ਹੈ, ਵਾਧਾ ਇਹ ਤੱਥ ਦਿਖਾਉਂਦਾ ਹੈ ਕਿ ਜ਼ਿਆਦਾਤਰ ਪ੍ਰੋਗਰਾਮਾਂ ਵਾਸਤੇ ਪ੍ਰੋਗਰਾਮ ਪਰਿਵਰਤਨ ਪੂਰਾ ਕਰ ਲਿਆ ਗਿਆ ਹੈ ਅਤੇ ਬਜਟ ਹੁਣ ਸਾਰੇ ਪ੍ਰੋਗਰਾਮਾਂ ਨੂੰ ਚਲਾਉਣ ਦੇ ਸਮੁੱਚੇ ਖ਼ਰਚਿਆਂ ਨੂੰ ਦਰਸਾਉਂਦਾ ਹੈ। ਇਹ ਵਾਧਾ ਸਾਡੇ ਮਾਨਸਿਕ ਸਿਹਤ ਸੇਵਾਵਾਂ ਕਾਨੂੰਨ ਦੇ ਸਾਰੇ ਪ੍ਰੋਗਰਾਮਾਂ ਵਿੱਚ ਕਰਮਚਾਰੀਆਂ ਦੀ ਗਿਣਤੀ ਅਤੇ ਅਮਲੀ ਗਤੀਵਿਧੀ ਵਿੱਚ ਹੋਏ ਗੈਰ-ਮਾਮੂਲੀ ਵਾਧੇ ਕਰਕੇ ਹੋਇਆ ਹੈ।

**ਜ਼ਰੂਰੀ ਸੇਵਾਵਾਂ** **(ਦੇਖੋ ਅੰਤਿਕਾ E, ਵਿਖਾਲਾ 5b ਪੰਨਾ 14)**

### ਬਜਟ ਦਾ ਵਰਨਨ:

ਜ਼ਰੂਰੀ ਸੇਵਾਵਾਂ ਦਾ ਪ੍ਰੋਗਰਾਮ ਸਭ ਉਮਰਾਂ ਦੇ ਲੋਕਾਂ ਵਾਸਤੇ ਤਿਆਰ ਕੀਤਾ ਗਿਆ ਹੈ, ਇਸ ਪ੍ਰੋਗਰਾਮ ਵਿੱਚ ਉਹਨਾਂ ਨੌਜਵਾਨਾਂ ਅਤੇ ਬਾਲਗਾਂ ਵਾਸਤੇ ਉਮਰ ਅਨੁਸਾਰ ਢੁਕਵੀਆਂ ਸੇਵਾਵਾਂ ਹਨ ਜਿਨ੍ਹਾਂ ਦੇ ਗੰਭੀਰ ਮਾਨਸਿਕ ਸਿਹਤ ਮਸਲੇ ਹਨ ਅਤੇ ਜਿਨ੍ਹਾਂ ਦੁਆਰਾ ਆਪਣੇ ਆਪ ਜਾਂ ਹੋਰਨਾਂ ਨੂੰ ਨੁਕਸਾਨ ਪਹੁੰਚਾਉਣ ਦਾ ਖਤਰਾ ਸਭ ਤੋਂ ਵੱਧ ਹੁੰਦਾ ਹੈ ਜਾਂ ਜਿਨ੍ਹਾਂ ਦੇ ਹਸਪਤਾਲ ਵਿੱਚ ਭਰਤੀ ਹੋਣ ਦਾ ਖਤਰਾ ਹੁੰਦਾ ਹੈ ਜਾਂ ਜਿਨ੍ਹਾਂ ਨੂੰ ਜੇਲਾਂ/ਕਿਸ਼ੋਰਾਂ ਲਈ ਨਿਆਂ ਸੰਸਥਾਵਾਂ ਵਿੱਚ ਕੈਦ ਕੀਤੇ ਜਾਣ ਦਾ ਖਤਰਾ ਹੁੰਦਾ ਹੈ। ਅਸੀਂ ਸਕੂਲ ਅਧਾਰਤ ਸਲਾਹਕਾਰਾਂ ਅਤੇ ਸਕੂਲ ਦੇ ਹੋਰ ਕਰਮਚਾਰੀਆਂ ਨਾਲ ਵੀ ਕੰਮ ਕਰਦੇ ਹਾਂ ਤਾਂ ਜੋ ਉਹਨਾਂ ਬੱਚਿਆਂ ਨੂੰ ਪਛਾਣ ਸਕੀਏ ਜਿਨ੍ਹਾਂ ਨੂੰ ਸਭ ਤੋਂ ਵੱਧ ਖਤਰਾ ਹੁੰਦਾ ਹੈ।

**ਕੁੱਲ ਖ਼ਰਚੇ:**

ਵਿੱਤੀ ਸਾਲ 2008-09 ਵਾਸਤੇ ਅੰਦਾਜ਼ਨ ਖ਼ਰਚੇ $558,150 ਹਨ। ਇਹ ਪਿਛਲੇ ਸਾਲ ਦੇ ਖ਼ਰਚਿਆਂ ਨਾਲੋਂ $202,321 (56.9%) ਵੱਧ ਹੈ। ਵਾਧਾ ਇਹ ਤੱਥ ਦਿਖਾਉਂਦਾ ਹੈ ਕਿ ਪ੍ਰੋਗਰਾਮ ਪਰਿਵਰਤਨ ਪੂਰਾ ਕਰ ਲਿਆ ਗਿਆ ਹੈ ਅਤੇ ਬਜਟ ਹੁਣ ਪੂਰੀ ਤਰ੍ਹਾਂ ਨਾਲ ਚਾਲੂ ਪ੍ਰੋਗਰਾਮ ਦੇ ਖਰਚੇ ਨੂੰ ਦਰਸਾਉਂਦਾ ਹੈ।

**ਕਰਮਚਾਰੀਆਂ ਦੇ ਖਰਚੇ:**

ਵਿੱਤੀ ਸਾਲ 2008-09 ਵਾਸਤੇ ਕਰਮਚਾਰੀਆਂ ਦੇ ਅੰਦਾਜ਼ਨ ਖ਼ਰਚੇ $508,150 ਹਨ। ਇਹ ਪਿਛਲੇ ਸਾਲ ਦੇ ਖ਼ਰਚਿਆਂ ਨਾਲੋਂ $195,548 (62.6%) ਵੱਧ ਹੈ। ਵਾਧਾ ਇਸ ਪ੍ਰੋਗਰਾਮ ਵਾਸਤੇ ਅਮਲੇ ਨੂੰ ਰੱਖਣ ਵਿੱਚ ਧੀਮੇ ਸ਼ੁਰੂਆਤੀ ਸਮੇਂ ਨੂੰ ਵੀ ਦਰਸਾਉਂਦਾ ਹੈ।

ਜ਼ਰੂਰੀ ਸੇਵਾਵਾਂ ਦੀ ਟੀਮ ਵਿੱਚ ਸ਼ਾਮਲ ਹਨ: ਬਾਲਗ ਜ਼ਰੂਰੀ ਸੇਵਾਵਾਂ ਵਾਸਤੇ ਇੱਕ ਮਾਨਸਿਕ ਸਿਹਤ ਥੇਰੇਪਿਸਟ; ਬੱਚਿਆਂ ਦੀਆਂ ਜ਼ਰੂਰੀ ਸੇਵਾਵਾਂ ਵਾਸਤੇ ਇੱਕ ਮਾਨਸਿਕ ਸਿਹਤ ਥੇਰੇਪਿਸਟ; 0.7 FTE 'ਤੇ ਇੱਕ ਲਾਇਸੈਂਸਧਾਰੀ ਸਾਈਕਿਏਟ੍ਰਿਕ ਟੈਕਨੀਸ਼ੀਅਨ; ਇੱਕ ਦਖਲ-ਦੇਣ ਵਾਲਾ ਸਲਾਹਕਾਰ; ਇੱਕ ਅੱਧੇ ਸਮੇਂ ਲਈ ਕੰਮ ਕਰਨ ਵਾਲਾ ਮਾਨਸਿਕ ਸਿਹਤ ਵਰਕਰ; ਇੱਕ ਚੌਥਾਈ ਸਮੇਂ ਲਈ ਕੰਮ ਕਰਨ ਵਾਲੀ ਸੁਪਰਵਾਈਜ਼ਿੰਗ ਰਜਿਸਟਰਡ ਨਰਸ; ਇੱਕ ਚੌਥਾਈ ਸਮੇਂ ਲਈ ਕੰਮ ਕਰਨ ਵਾਲਾ ਇੱਕ ਮਨੋਚਕਿਤਸੀ ਸੰਕਟਕਾਲੀਨ ਸੇਵਾਵਾਂ ਦਾ ਨਿਗਰਾਨ ਅਤੇ ਕਿਸੇ ਪ੍ਰੋਗਰਾਮ ਮੈਨੇਜਰ ਦੇ ਸਮੇਂ ਦਾ ਥੋੜ੍ਹਾ ਜਿਹਾ ਹਿੱਸਾ।

**ਕਾਰਜ ਚਲਾਉਣ ਦੇ ਖ਼ਰਚੇ:**

ਵਿੱਤੀ ਸਾਲ 2008-09 ਵਾਸਤੇ ਕਾਰਜ ਚਲਾਉਣ ਲਈ ਅੰਦਾਜ਼ਨ ਖ਼ਰਚੇ $50,000 ਹਨ। ਇਹ ਪਿਛਲੇ ਸਾਲ ਦੇ ਖ਼ਰਚਿਆਂ ਨਾਲੋਂ $6,952 (16.1%) ਵੱਧ ਹੈ। ਇਹ ਇਸ ਪ੍ਰੋਗਰਾਮ ਵਿੱਚ ਅਮਲੇ ਅਤੇ ਗਾਹਕਾਂ ਨੂੰ ਆਸਰਾ ਦੇਣ ਵਾਸਤੇ ਜ਼ਰੂਰੀ ਖ਼ਰਚੇ ਦਰਸਾਉਂਦਾ ਹੈ।

**ਮਾਲੀਏ:**

ਅਸੀਂ $230,000 ਦੇ Medi-Cal FFP ਮਾਲੀਏ ਅਤੇ $89,000 ਦੇ EPSDT ਮਾਲੀਏ ਪ੍ਰਾਪਤ ਕਰਨ ਦਾ ਪੂਰਵ ਅਨੁਮਾਨ ਲਗਾ ਰਹੇ ਹਾਂ। Medi-Cal FFP ਅਤੇ EPSDT ਵਾਸਤੇ ਵਿੱਤੀ ਸਾਲ 2007-08 ਦੇ ਬਿੱਲਾਂ ਦਾ ਵਾਪਸੀ-ਭੁਗਤਾਨ ਅਸੀਂ ਅਜੇ ਪ੍ਰਾਪਤ ਕਰਨਾ ਹੈ।

**ਵਡੇਰੀ ਉਮਰ ਦੇ ਬਾਲਗਾਂ ਲਈ ਸੇਵਾਵਾਂ** (ਦੇਖੋ ਅੰਤਿਕਾ E, ਵਿਖਾਲਾ 5b ਪੰਨਾ 15)

**ਬਜਟ ਦਾ ਵਰਨਨ:**

ਵਡੇਰੀ ਉਮਰ ਦੇ ਬਾਲਗਾਂ ਲਈ ਸੇਵਾਵਾਂ ਦਾ ਪ੍ਰੋਗਰਾਮ 60 ਸਾਲ ਜਾਂ ਇਸਤੋਂ ਵੱਡੀ ਉਮਰ ਦੇ ਉਹਨਾਂ ਬਾਲਗਾਂ ਨੂੰ ਸੇਵਾਵਾਂ ਮੁਹੱਈਆ ਕਰਾਉਣ ਲਈ ਤਿਆਰ ਕੀਤਾ ਗਿਆ ਹੈ ਜੋ ਸਰੀਰਕ ਤੌਰ 'ਤੇ ਜਾਂ ਭੂਗੋਲਿਕ ਤੌਰ 'ਤੇ ਵੱਖ ਹੋ ਗਏ ਹਨ ਅਤੇ ਜਿਨ੍ਹਾਂ ਨੂੰ ਮਾਨਸਿਕ ਅਸਮਰਥਤਾਵਾਂ ਹਨ। ਅਗਲੇਰੀ ਤਰਜੀਹ ਉਹਨਾਂ ਨੂੰ ਦਿੱਤੀ ਜਾਂਦੀ ਹੈ ਜਿਨ੍ਹਾਂ ਦੀ ਸੱਭਿਆਚਾਰਕ ਪਛਾਣ ਉਹਨਾਂ ਨੂੰ ਸਾਡੀ ਕਮਿਉਨਿਟੀ ਵਿੱਚ ਘੱਟ ਸੇਵਾਵਾਂ ਪ੍ਰਾਪਤ ਆਬਾਦੀਆਂ ਵਿੱਚ ਰੱਖ ਦਿੰਦੀ ਹੈ। ਇਹ ਪ੍ਰੋਗਰਾਮ, ਭਾਗ ਲੈਣ ਵਾਲਿਆਂ ਨੂੰ ਉਸਾਰੂ ਸਮਾਜਕ ਸਬੰਧ ਪ੍ਰਾਪਤ ਕਰਨ ਅਤੇ ਇਹਨਾਂ ਨੂੰ ਬਣਾਈ ਰੱਖਣ; ਉਹਨਾਂ ਨੂੰ ਮਾਨਸਿਕ ਸਿਹਤ ਸੇਵਾਵਾਂ ਮੁਹੱਈਆ ਕਰਾਉਣ ਵਾਲਿਆਂ ਤੋਂ ਆਦਰ ਮਹਿਸੂਸ ਕਰਨ; ਆਪਣੀਆਂ ਸੇਵਾਵਾਂ ਦੀ ਯੋਜਨਾਬੰਦੀ ਬਣਾਉਣ ਅਤੇ ਇਹਨਾਂ ਨੂੰ ਪ੍ਰਾਪਤ ਕਰਨ ਦੀ ਪ੍ਰਕਿਰਿਆ ਵਿੱਚ ਸ਼ਕਤੀ ਸੰਪੰਨ ਮਹਿਸੂਸ ਕਰਨ ਅਤੇ ਆਪਣੀ ਗੱਲ ਸੁਣੀ ਜਾਂਦੀ ਮਹਿਸੂਸ ਕਰਨ ਦੇ ਯੋਗ ਬਣਾਉਂਦਾ ਹੈ ਅਤੇ ਆਪਣੇ ਸੇਵਾਵਾਂ ਮੁਹੱਈਆ ਕਰਨ ਵਾਲਿਆਂ ਵਿੱਚ ਲਗਾਤਾਰਤਾ ਪ੍ਰਾਪਤ ਕਰਨ ਦੇ ਯੋਗ ਬਣਾਉਂਦਾ ਹੈ। ਇਸ ਪ੍ਰੋਗਰਾਮ ਵਿੱਚ ਸਾਥੀਆਂ ਦੁਆਰਾ ਦਿੱਤੀਆਂ ਜਾਂਦੀਆਂ ਸੇਵਾਵਾਂ ਸ਼ਾਮਲ ਹਨ; ਇਹ ਪ੍ਰੋਗਰਾਮ ਸੇਵਾ ਦੀ ਯੋਜਨਾਬੰਦੀ ਬਣਾਉਣ ਅਤੇ ਇਸਨੂੰ ਦੇਣ ਵਿੱਚ ਪਰਿਵਾਰ ਪ੍ਰਤੀ ਦੋਸਤਾਨਾ ਪਹੁੰਚ ਅਪਣਾਉਂਦਾ ਹੈ; ਅਤੇ ਇਹ ਅਜਿਹੀਆਂ ਬਸੇਰਾ ਸੇਵਾਵਾਂ ਅਤੇ ਇਲਾਜ ਮੁਹੱਈਆ ਕਰਦਾ ਹੈ ਜੋ ਮੁੜ-ਸਿਹਤਯਾਬੀ ਵੱਲ ਲੈ ਜਾਂਦੇ ਹਨ ਤਾਂ ਜੋ ਸੇਵਾਵਾਂ ਵਿੱਚ ਅਸਮਾਨਤਾਵਾਂ ਨੂੰ ਘੱਟ ਕਰਨ ਅਤੇ ਉਹਨਾਂ ਪਛਾਣੇ ਗਏ ਨਸਲੀ ਗਰੁੱਪਾਂ, ਜਿਨ੍ਹਾਂ ਨੂੰ ਸਾਡੀ ਕਮਿਉਨਿਟੀ

ਵਿੱਚ ਮੁਨਾਸਿਬ ਸੇਵਾਵਾਂ ਨਹੀਂ ਮਿਲੀਆਂ, ਵਾਸਤੇ ਬੇਘਰੀ ਨੂੰ ਘੱਟ ਕਰਨ ਸਬੰਧੀ ਪ੍ਰੋਗਰਾਮ ਦੇ ਟੀਚਿਆਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

**ਕੁੱਲ ਖ਼ਰਚੇ:**

ਵਿੱਤੀ ਸਾਲ 2008-09 ਵਾਸਤੇ ਅੰਦਾਜ਼ਨ ਖ਼ਰਚੇ $379,866 ਹਨ। ਇਹ ਪਿਛਲੇ ਸਾਲ ਦੇ ਖ਼ਰਚਿਆਂ ਨਾਲੋਂ $27,764 (7.9%) ਵੱਧ ਹੈ। ਵਾਧਾ ਇਹ ਤੱਥ ਦਿਖਾਉਂਦਾ ਹੈ ਕਿ ਪ੍ਰੋਗਰਾਮ ਪਰਿਵਰਤਨ ਪੂਰਾ ਕਰ ਲਿਆ ਗਿਆ ਹੈ ਅਤੇ ਬਜਟ ਹੁਣ ਪੂਰੀ ਤਰ੍ਹਾਂ ਨਾਲ ਚਾਲੂ ਪ੍ਰੋਗਰਾਮ ਦੇ ਖਰਚੇ ਨੂੰ ਦਰਸਾਉਂਦਾ ਹੈ।

**ਕਰਮਚਾਰੀਆਂ ਦੇ ਖਰਚੇ:**

ਵਿੱਤੀ ਸਾਲ 2008-09 ਵਾਸਤੇ ਕਰਮਚਾਰੀਆਂ ਦੇ ਅੰਦਾਜ਼ਨ ਖ਼ਰਚੇ $154,866 ਹਨ। ਇਹ ਪਿਛਲੇ ਸਾਲ ਦੇ ਖ਼ਰਚਿਆਂ ਨਾਲੋਂ $26,362 (20.5%) ਵੱਧ ਹੈ। ਵਾਧਾ ਇਸ ਪ੍ਰੋਗਰਾਮ ਵਾਸਤੇ ਅਮਲੇ ਨੂੰ ਰੱਖਣ ਵਿੱਚ ਇਸ ਦੁਆਰਾ ਲਏ ਗਏ ਸ਼ੁਰੂਆਤੀ ਸਮੇਂ ਨੂੰ ਦਰਸਾਉਂਦਾ ਹੈ।

ਵਡੇਰੀ ਉਮਰ ਦੇ ਬਾਲਗਾਂ ਲਈ ਸੇਵਾਵਾਂ ਟੀਮ ਵਿੱਚ ਸ਼ਾਮਲ ਹਨ: ਇੱਕ ਮਾਨਸਿਕ ਸਿਹਤ ਥੇਰੇਪਿਸਟ, 0.5 FTE 'ਤੇ ਇੱਕ ਲਾਇਸੈਂਸਧਾਰੀ ਸਾਈਕਿਏਟ੍ਰਿਕ ਟੈਕਨੀਸ਼ੀਅਨ; ਅਤੇ ਕਿਸੇ ਪ੍ਰੋਗਰਾਮ ਮੈਨੇਜਰ ਦੇ ਸਮੇਂ ਦਾ ਇੱਕ ਛੋਟਾ ਜਿਹਾ ਅੰਸ਼।

**ਕਾਰਜ ਚਲਾਉਣ ਦੇ ਖ਼ਰਚੇ:**

ਵਿੱਤੀ ਸਾਲ 2008-09 ਵਾਸਤੇ ਕਾਰਜ ਚਲਾਉਣ ਲਈ ਅੰਦਾਜ਼ਨ ਖ਼ਰਚੇ $225,000 ਹਨ। ਇਹ ਪਿਛਲੇ ਸਾਲ ਦੇ ਖ਼ਰਚਿਆਂ ਨਾਲੋਂ $1,813 (0.8%) ਵੱਧ ਹੈ। ਇਹ ਇਸ ਪ੍ਰੋਗਰਾਮ ਵਿੱਚ ਅਮਲੇ ਅਤੇ ਗਾਹਕਾਂ ਨੂੰ ਆਸਰਾ ਦੇਣ ਵਾਸਤੇ ਜ਼ਰੂਰੀ ਖ਼ਰਚੇ ਦਰਸਾਉਂਦਾ ਹੈ।

**ਮਾਲੀਏ:**

ਅਸੀਂ $115,000 ਦੇ Medi-Cal FFP ਮਾਲੀਏ ਪ੍ਰਾਪਤ ਕਰਨ ਦਾ ਪੂਰਵ ਅਨੁਮਾਨ ਲਗਾ ਰਹੇ ਹਾਂ। Medi-Cal FFP ਅਤੇ EPSDT ਵਾਸਤੇ ਵਿੱਤੀ ਸਾਲ 2007-08 ਦੇ ਬਿੱਲਾਂ ਦਾ ਵਾਪਸੀ-ਭੁਗਤਾਨ ਅਸੀਂ ਅਜੇ ਪ੍ਰਾਪਤ ਕਰਨਾ ਹੈ।

**ਨਸਲੀ ਬਾਹਰੀ ਪਹੁੰਚ** (ਦੇਖੋ ਅੰਤਿਕਾ E, ਵਿਖਾਲਾ 5b ਪੰਨਾ 16)

**ਬਜਟ ਦਾ ਵਰਨਨ:**

ਨਸਲੀ ਬਾਹਰੀ ਪਹੁੰਚ ਪ੍ਰੋਗਰਾਮ (The Ethnic Outreach Program) ਸਾਡੀਆਂ ਉਹਨਾਂ ਵੱਡੀਆਂ ਆਬਾਦੀਆਂ 'ਤੇ ਨਿਸ਼ਾਨਾ ਸੇਧਦਾ ਹੈ ਜਿਨ੍ਹਾਂ ਨੂੰ ਮੁਨਾਸਿਬ ਸੇਵਾਵਾਂ ਨਹੀਂ ਮਿਲੀਆਂ। ਲਾਤੀਨੋ, ਹਮੌਂਗ ਅਤੇ ਪੰਜਾਬੀ ਬੋਲਦੇ ਏਸ਼ੀਆਈ ਭਾਰਤੀ। ਹਰੇਕ ਪ੍ਰੋਗਰਾਮ ਅੰਤਰ-ਪੀੜੀ ਸਬੰਧਿਤ ਹੈ, ਜੋ ਹਰੇਕ ਸੱਭਿਆਚਾਰਕ ਗਰੁੱਪ ਦੇ ਅੰਦਰ ਬੱਚਿਆਂ, ਨੌਜਵਾਨਾਂ, ਪਰਿਵਰਤਨ ਦੀ ਉਮਰ ਦੇ ਨੌਜਵਾਨਾਂ, ਬਾਲਗਾਂ ਅਤੇ ਵਡੇਰੀ ਉਮਰ ਦੇ ਬਾਲਗਾਂ ਨੂੰ ਸੇਵਾਵਾਂ ਮੁਹੱਈਆ ਕਰਾਉਂਦਾ ਹੈ। ਇਹਨਾਂ ਵਿਸ਼ਾਲ ਸ਼੍ਰੇਣੀਆਂ ਦੇ ਅੰਦਰ, ਇਸਤਰੀਆਂ 'ਤੇ ਵਿਸ਼ੇਸ਼ ਕਰਕੇ ਨਿਸ਼ਾਨਾ ਸੇਧਿਆ ਜਾਂਦਾ ਹੈ ਕਿਉਂਕਿ ਸਾਡੀ ਪ੍ਰਣਾਲੀ ਵਿੱਚ ਉਹਨਾਂ ਨੂੰ ਘੱਟ ਸੇਵਾਵਾਂ ਪ੍ਰਾਪਤ ਹੋਣ ਦੀ ਸੰਭਾਵਨਾ ਵੱਧ ਹੁੰਦੀ ਹੈ ਅਤੇ ਉਹ ਵੀ ਖ਼ਾਸ ਕਰਕੇ ਇਹਨਾਂ ਸੱਭਿਆਚਾਰਾਂ ਵਿੱਚ। ਇਹ ਪ੍ਰੋਗਰਾਮ ਭਾਗ ਲੈਣ ਵਾਲਿਆਂ ਨੂੰ ਉਸਾਰੂ ਸਮਾਜਕ ਸਬੰਧ ਪ੍ਰਾਪਤ ਕਰਨ ਅਤੇ ਇਹਨਾਂ ਨੂੰ ਬਣਾਈ ਰੱਖਣ; ਸੁਰੱਖਿਆ ਵਿੱਚ ਅਤੇ ਇੱਕ ਅਜਿਹੀ ਸਥਾਪਨਾ ਵਿੱਚ ਰਹਿਣ ਦੇ ਯੋਗ ਬਣਾਉਂਦਾ ਹੈ ਜੋ ਉਹਨਾਂ ਦੀ ਆਪਣੀ ਪਸੰਦ ਦੀ ਹੈ; ਇਹ ਪ੍ਰੋਗਰਾਮ ਉਹਨਾਂ ਲੋਕਾਂ ਨੂੰ ਏਕੀਕਿਰਤ ਮਾਨਸਿਕ ਸਿਹਤ ਅਤੇ ਨਸ਼ੀਲੀਆਂ ਦਵਾਈਆਂ ਅਤੇ ਅਲਕੋਹਲ ਦੇ ਇਲਾਜ ਤੱਕ ਪਹੁੰਚ ਕਰਨ ਦੇ ਵੀ ਯੋਗ ਬਣਾਉਂਦਾ ਹੈ ਜਿਨ੍ਹਾਂ ਵਿੱਚ ਨਾਲੋ ਨਾਲ ਵਾਪਰਨ ਵਾਲੇ ਵਿਕਾਰ ਹੁੰਦੇ ਹਨ, ਜੇਕਰ ਉਹ ਇਸ ਪ੍ਰੋਗਰਾਮ ਦੀ ਚੋਣ ਕਰਦੇ ਹਨ। ਭਾਗ ਲੈਣ ਵਾਲੇ ਲੋਕ ਮਤਲਬ ਭਰਪੂਰ ਕਿਰਿਆ, ਜਿਵੇਂ ਕਿ ਰੁਜ਼ਗਾਰ ਜਾਂ ਸਿੱਖਿਆ/ਸਿਖਲਾਈ, ਵਿੱਚ ਆਹਰੇ ਲੱਗਣ ਵਿੱਚ ਸਹਾਇਤਾ ਵੀ ਪ੍ਰਾਪਤ ਕਰ ਸਕਦੇ ਹਨ; ਅਜਿਹੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹਨ ਜੋ ਉਹਨਾਂ ਦੇ ਵਿਕਾਸ ਦੀ ਪ੍ਰਕਿਰਿਆ ਨੂੰ 'ਸਾਧਾਰਨ' ਮੰਨਦੀਆਂ ਹਨ ਅਤੇ ਤੰਦਰੁਸਤੀ ਦੇ ਮਸਲਿਆਂ ਨੂੰ ਹਾਸ਼ੀਏ ਤੋਂ ਬਾਹਰ ਨਹੀਂ ਕਰਦੀਆਂ; ਅਤੇ ਉਹ ਆਪਣੀਆਂ ਮਾਨਸਿਕ ਸਿਹਤ ਸੇਵਾਵਾਂ ਮੁਹੱਈਆ ਕਰਨ ਵਾਲਿਆਂ ਤੋਂ ਆਦਰ ਪ੍ਰਾਪਤ ਕਰ ਸਕਦੇ ਹਨ। ਸਿੱਟੇ ਵਜੋਂ, ਗਾਹਕ ਆਪਣੀਆਂ ਸੇਵਾਵਾਂ ਦੀ ਯੋਜਨਾਬੰਦੀ ਬਣਾਉਣ ਅਤੇ

ਇਹਨਾਂ ਨੂੰ ਪ੍ਰਾਪਤ ਕਰਨ ਦੀ ਪ੍ਰਕਿਰਿਆ ਵਿੱਚ ਸ਼ਕਤੀ ਸੰਪੰਨ ਅਤੇ ਆਪਣੀ ਗੱਲ ਸੁਣੀ ਜਾਂਦੀ ਮਹਿਸੂਸ ਕਰਦੇ ਹਨ; ਗਾਹਕਾਂ ਦੀ ਆਪਣੇ ਸੇਵਾਵਾਂ ਮੁਹੱਈਆ ਕਰਨ ਵਾਲਿਆਂ ਵਿੱਚ ਲਗਾਤਾਰਤਾ ਬਣੀ ਰਹਿੰਦੀ ਹੈ; ਅਤੇ ਗਾਹਕਾਂ ਨੂੰ ਵਿਅਕਤੀਗਤ ਕੀਤੀਆਂ ਸੇਵਾ ਯੋਜਨਾਵਾਂ ਮਿਲਦੀਆਂ ਹਨ ਜੋ ਹਰ ਵਿਅਕਤੀ ਦੀ ਉਸਦੇ ਆਪਣੇ ਨਸਲੀ/ਜਾਤੀ/ਸੱਭਿਆਚਾਰਕ ਪਛਾਣ ਦੇ ਵਿਸ਼ੇ ਵਸਤੂ ਵਿੱਚ ਵਿਲੱਖਣਤਾ ਨੂੰ ਪਛਾਣਦੀਆਂ ਹਨ।

**ਕੁੱਲ ਖ਼ਰਚੇ:**

ਵਿੱਤੀ ਸਾਲ 2008-09 ਵਾਸਤੇ ਅੰਦਾਜ਼ਨ ਖ਼ਰਚੇ $619,569 ਹਨ। ਇਹ ਪਿਛਲੇ ਸਾਲ ਦੇ ਖ਼ਰਚਿਆਂ ਨਾਲੋਂ $204,218 (49.2%) ਵੱਧ ਹੈ। ਵਾਧਾ ਇਹ ਤੱਥ ਦਿਖਾਉਂਦਾ ਹੈ ਕਿ ਪ੍ਰੋਗਰਾਮ ਪਰਿਵਰਤਨ ਪੂਰਾ ਕਰ ਲਿਆ ਗਿਆ ਹੈ ਅਤੇ ਬਜਟ ਹੁਣ ਪੂਰੀ ਤਰ੍ਹਾਂ ਨਾਲ ਚਾਲੂ ਪ੍ਰੋਗਰਾਮ ਦੇ ਖਰਚੇ ਨੂੰ ਦਰਸਾਉਂਦਾ ਹੈ।

**ਕਰਮਚਾਰੀਆਂ ਦੇ ਖਰਚੇ:**

ਵਿੱਤੀ ਸਾਲ 2008-09 ਵਾਸਤੇ ਕਰਮਚਾਰੀਆਂ ਦੇ ਅੰਦਾਜ਼ਨ ਖ਼ਰਚੇ $569,569 ਹਨ। ਇਹ ਪਿਛਲੇ ਸਾਲ ਦੇ ਖ਼ਰਚਿਆਂ ਨਾਲੋਂ $202,640 (55.2%) ਵੱਧ ਹੈ। ਵਾਧਾ ਇਸ ਪ੍ਰੋਗਰਾਮ ਵਾਸਤੇ ਅਮਲੇ ਨੂੰ ਰੱਖਣ ਵਿੱਚ ਇਸ ਦੁਆਰਾ ਲਏ ਗਏ ਸ਼ੁਰੂਆਤੀ ਸਮੇਂ ਨੂੰ ਦਰਸਾਉਂਦਾ ਹੈ।

ਨਸਲੀ ਬਾਹਰੀ ਪਹੁੰਚ ਸੇਵਾਵਾਂ ਟੀਮ ਵਿੱਚ ਸ਼ਾਮਲ ਹਨ: ਚਾਰ ਮਾਨਸਿਕ ਸਿਹਤ ਥੇਰੇਪਿਸਟ, ਇੱਕ ਦਖਲ-ਦੇਣ ਵਾਲਾ ਸਲਾਹਕਾਰ, ਇੱਕ ਮਾਨਸਿਕ ਸਿਹਤ ਵਰਕਰ, ਅਤੇ ਇੱਕ ਬਾਲਗ ਪ੍ਰੋਗਰਾਮ ਮੈਨੇਜਰ ਅਤੇ ਇੱਕ ਨੌਜਵਾਨ ਪ੍ਰੋਗਰਾਮ ਮੈਨੇਜਰ ਦੇ ਸਮੇਂ ਦਾ ਇੱਕ ਛੋਟਾ ਜਿਹਾ ਅੰਸ਼।

**ਕਾਰਜ ਚਲਾਉਣ ਦੇ ਖ਼ਰਚੇ:**

ਵਿੱਤੀ ਸਾਲ 2008-09 ਵਾਸਤੇ ਕਾਰਜ ਚਲਾਉਣ ਲਈ ਅੰਦਾਜ਼ਨ ਖ਼ਰਚੇ $50,000 ਹਨ। ਇਹ ਪਿਛਲੇ ਸਾਲ ਦੇ ਖ਼ਰਚਿਆਂ ਨਾਲੋਂ $1,852 (3.8%) ਵੱਧ ਹੈ। ਇਹ ਇਸ ਪ੍ਰੋਗਰਾਮ ਵਿੱਚ ਅਮਲੇ ਅਤੇ ਗਾਹਕਾਂ ਨੂੰ ਆਸਰਾ ਦੇਣ ਵਾਸਤੇ ਜ਼ਰੂਰੀ ਖ਼ਰਚੇ ਦਰਸਾਉਂਦਾ ਹੈ।

**ਮਾਲੀਏ:**

ਅਸੀਂ $115,000 ਦੇ Medi-Cal FFP ਮਾਲੀਏ ਅਤੇ $45,000 ਦੇ EPSDT ਮਾਲੀਏ ਪ੍ਰਾਪਤ ਕਰਨ ਦਾ ਪੂਰਵ ਅਨੁਮਾਨ ਲਗਾ ਰਹੇ ਹਾਂ। Medi-Cal FFP ਅਤੇ EPSDT ਵਾਸਤੇ ਵਿੱਤੀ ਸਾਲ 2007-08 ਦੇ ਬਿੱਲਾਂ ਦਾ ਵਾਪਸੀ-ਭੁਗਤਾਨ ਅਸੀਂ ਅਜੇ ਪ੍ਰਾਪਤ ਕਰਨਾ ਹੈ।

**ਏਕੀਕਿਰਤ ਸਮੁੱਚੀ ਸੇਵਾ ਭਾਈਵਾਲੀ** **(ਦੇਖੋ ਅੰਤਿਕਾ E, ਵਿਖਾਲਾ 5b ਪੰਨਾ 17)**

**ਬਜਟ ਦਾ ਵਰਨਨ:**

ਇਹ ਪ੍ਰੋਗਰਾਮ ਗੰਭੀਰ ਮਾਨਸਿਕ ਬਿਮਾਰੀਆਂ ਜਾਂ ਗੰਭੀਰ ਭਾਵਨਾਤਮਕ ਗੜਬੜਾਂ ਵਾਲੇ ਸਾਰੀਆਂ ਉਮਰਾਂ ਦੇ ਗਰੁੱਪਾਂ ਨੂੰ ਸੇਵਾਵਾਂ ਮੁਹੱਈਆ ਕਰਾਉਂਦਾ ਹੈ। ਇਹਨਾਂ ਲੋਕਾਂ ਨੂੰ ਨਿਸ਼ਾਨਾ ਬਣਾਏ ਜਾਣ, ਨਸ਼ੀਲੀਆਂ ਦਵਾਈਆਂ ਦੇ ਅਮਲ ਕਰਕੇ ਹੋਣ ਵਾਲੇ ਵਿਕਾਰਾਂ, ਸੰਕਟਕਾਲੀਨ ਕਮਰਿਆਂ ਦੀ ਹੱਦੋਂ ਵੱਧ ਵਰਤੋਂ, ਮਨੋਚਕਿਤਸਾ ਸਬੰਧੀ ਹਸਪਤਾਲਾਂ ਵਿੱਚ ਦਾਖਲ ਹੋਣ, ਜੇਲਾਂ/ਕਿਸ਼ੋਰਾਂ ਲਈ ਨਿਆਂ ਸੰਸਥਾਵਾਂ ਵਿੱਚ ਕੈਦ ਦਾ ਕਾਫੀ ਵਧੇਰੇ ਖਤਰਾ ਹੁੰਦਾ ਹੈ। ਪਰਿਵਰਤਨ ਦੀ ਉਮਰ ਦੇ ਨੌਜਵਾਨਾਂ ਨੂੰ ਵਿਸ਼ੇਸ਼ ਤੌਰ 'ਤੇ ਬੇਘਰੀ, ਬੇਰੁਜ਼ਗਾਰੀ ਅਤੇ ਪਦਾਰਥਾਂ ਦੀ ਦੁਰਵਰਤੋਂ ਦੇ ਚੱਕਰ ਵਿੱਚ ਦਾਖਲ ਹੋਣ ਦਾ ਖਤਰਾ ਹੁੰਦਾ ਹੈ।

- 0 - 5 ਸਾਲ ਦੀ ਉਮਰ ਦੇ ਬੱਚਿਆਂ ਅਤੇ 6 - 15 ਸਾਲਾਂ ਦੀ ਉਮਰ ਦੇ ਉਹਨਾਂ ਨੌਜਵਾਨਾਂ ਨੂੰ ਸੇਵਾ ਮੁਹੱਈਆ ਕਰਾਉਣ ਲਈ ਵੀ ਸੇਵਾਵਾਂ ਉਪਲਬਧ ਹਨ ਜਿਨ੍ਹਾਂ ਵਿੱਚ ਗੰਭੀਰ ਭਾਵਨਾਤਮਕ ਗੜਬੜੀਆਂ ਜਾਂ ਗੰਭੀਰ ਮਾਨਸਿਕ ਬਿਮਾਰੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਨਤੀਜਾ ਮਹੱਤਵਪੂਰਨ ਸਮਾਜਕ, ਭਾਵਨਾਤਮਕ ਜਾਂ ਸਿੱਖਿਆ ਸਬੰਧੀ ਅਸਮਰਥਤਾਵਾਂ ਦੇ ਰੂਪ ਵਿੱਚ ਨਿਕਲਦਾ ਹੈ ਅਤੇ/ਜਾਂ ਜਿਨ੍ਹਾਂ ਨੂੰ ਬੇਘਰੀ ਜਾਂ ਸੰਭਾਲ ਘਰ ਵਿੱਚ ਜਾਣ ਦਾ ਖਤਰਾ ਹੁੰਦਾ ਹੈ। 0 - 5 ਸਾਲ ਦੇ ਬੱਚੇ ਸਭ ਤੋਂ ਘੱਟ ਸੇਵਾਵਾਂ ਪ੍ਰਾਪਤ ਕਰਨ ਵਾਲੀ ਆਬਾਦੀ ਹੈ ਅਤੇ ਜੇ

ਇਹਨਾਂ ਦਾ ਇਲਾਜ ਨਾ ਹੋਵੇ ਤਾਂ ਉਹਨਾਂ ਨੂੰ ਸਭ ਤੋਂ ਵੱਧ ਲੰਬੇ ਸਮੇਂ ਤੱਕ ਵਿਸਤਰਿਤ ਸਰੋਤਾਂ ਦੀ ਲੋੜ ਪੈਣ ਦੀ ਸਭ ਤੋਂ ਵੱਧ ਸੰਭਾਵਨਾ ਹੁੰਦੀ ਹੈ। ਅਸੀਂ ਅਜਿਹੇ ਬੱਚਿਆਂ, ਜਿਨ੍ਹਾਂ ਦੀ ਸੱਭਿਆਚਾਰਕ ਪਛਾਣ ਉਹਨਾਂ ਨੂੰ ਸਾਡੀ ਕਮਿਉਨਿਟੀ ਵਿੱਚ ਘੱਟ ਸੇਵਾਵਾਂ ਪ੍ਰਾਪਤ ਕਰਨ ਵਾਲੀਆਂ ਆਬਾਦੀਆਂ ਵਿੱਚ ਰੱਖਦੀ ਹੈ, ਨੂੰ ਲੱਭਣ ਲਈ, ਨਸਲੀ ਬਾਹਰੀ ਪਹੁੰਚ ਦੇ ਪ੍ਰੋਗਰਾਮਾਂ ਨਾਲ ਮਿਲਕੇ ਕੰਮ ਕਰਦੇ ਹਾਂ।

- 16 – 25 ਸਾਲਾਂ ਦੇ ਪਰਿਵਰਤਨ ਦੀ ਉਮਰ ਦੇ ਨੌਜਵਾਨਾਂ (TAY) ਲਈ ਵੀ ਸੇਵਾਵਾਂ ਉਪਲਬਧ ਹਨ ਜਿਨ੍ਹਾਂ ਵਿੱਚ ਗੰਭੀਰ ਭਾਵਨਾਤਮਕ ਗੜਬੜੀਆਂ ਜਾਂ ਗੰਭੀਰ ਮਾਨਸਿਕ ਬਿਮਾਰੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਨਤੀਜਾ ਮਹੱਤਵਪੂਰਨ ਸਮਾਜਕ, ਭਾਵਨਾਤਮਕ ਜਾਂ ਸਿੱਖਿਆ ਸਬੰਧੀ ਅਤੇ/ਜਾਂ ਕਿੱਤਾਕਾਰੀ ਅਸਮਰਥਤਾਵਾਂ ਦੇ ਰੂਪ ਵਿੱਚ ਨਿਕਲਦਾ ਹੈ ਅਤੇ ਜਿਨ੍ਹਾਂ ਨੂੰ ਬੇਘਰੀ ਦਾ ਖਤਰਾ ਹੁੰਦਾ ਹੈ। ਸਾਡੀ ਕਮਿਉਨਿਟੀ ਵਿੱਚ ਪਰਿਵਰਤਨ ਦੀ ਉਮਰ ਦੇ ਨੌਜਵਾਨਾਂ ਜਿਨ੍ਹਾਂ ਨੂੰ ਸੇਵਾਵਾਂ ਨਹੀਂ ਮਿਲਦੀਆਂ, ਘੱਟ ਮਿਲਦੀਆਂ ਹਨ ਜਾਂ ਅਢੁਕਵੀਆਂ ਸੇਵਾਵਾਂ ਮਿਲਦੀਆਂ ਹਨ, ਉਹਨਾਂ ਵਿੱਚ ਆਪਣੇ ਆਪ ਨੂੰ ਨੁਕਸਾਨ ਪਹੁੰਚਾਣ ਵਾਲੀਆਂ, ਉੱਚ ਖਤਰੇ ਦੇ ਵਿਹਾਰਾਂ ਵਾਲੀਆਂ ਜਵਾਨ ਔਰਤਾਂ; ਮਤਰੇਏ ਮਾਂ-ਬਾਪ ਦੀ ਸੰਭਾਲ ਵਿੱਚੋਂ ਜਵਾਨ ਹੋ ਕੇ ਬਾਹਰ ਨਿਕਲ ਰਹੇ ਨੌਜਵਾਨ, ਅਤੇ ਬੱਚਿਆਂ ਦੀਆਂ ਮਾਨਸਿਕ ਸਿਹਤ/ਅਜਮਾਇਸ਼ੀ ਪ੍ਰਣਾਲੀਆਂ ਵਿੱਚੋਂ ਪਰਿਵਰਤਨ ਕਰਕੇ ਬਾਲਗ ਪ੍ਰਣਾਲੀਆਂ ਵਿੱਚ ਜਾਣ ਵਾਲੇ ਨੌਜਵਾਨ ਵੀ ਸ਼ਾਮਲ ਹਨ। ਸੇਵਾਵਾਂ ਵਾਸਤੇ ਤਰਜੀਹ ਉਹਨਾਂ ਨੂੰ ਦਿੱਤੀ ਜਾਂਦੀ ਹੈ ਜਿਨ੍ਹਾਂ ਵਿੱਚ ਪਦਾਰਥਾਂ ਦੀ ਦੁਰਵਰਤੋਂ ਦੇ ਨਾਲ ਨਾਲ ਮਾਨਸਿਕ ਸਿਹਤ ਵਿਕਾਰ ਵੀ ਹੁੰਦੇ ਹੁੰਦੇ ਹਨ, ਜਿਨ੍ਹਾਂ ਦੀ ਗੈਂਗ ਵਿੱਚ ਸ਼ਮੂਲੀਅਤ ਹੋਣ ਦਾ ਮਹੱਤਵਪੂਰਨ ਖਤਰਾ ਹੁੰਦਾ ਹੈ, ਜਿਨ੍ਹਾਂ ਦਾ ਬੀਮਾ ਨਹੀਂ ਹੁੰਦਾ ਅਤੇ ਉਹ ਲੋਕ ਜਿਨ੍ਹਾਂ ਦੀ ਸੱਭਿਆਚਾਰਕ ਪਛਾਣ ਉਹਨਾਂ ਨੂੰ ਸਾਡੀ ਕਮਿਉਨਿਟੀ ਵਿੱਚ ਘੱਟ ਸੇਵਾਵਾਂ ਪ੍ਰਾਪਤ ਕਰਨ ਵਾਲੀਆਂ ਆਬਾਦੀਆਂ ਵਿੱਚ ਰੱਖਦੀ ਹੈ।
- ਸੇਵਾਵਾਂ ਉਹਨਾਂ ਬਾਲਗਾਂ ਅਤੇ ਵਡੇਰੀ ਉਮਰ ਦੇ ਬਾਲਗਾਂ ਵਾਸਤੇ ਵੀ ਉਪਲਬਧ ਹਨ ਜਿਨ੍ਹਾਂ ਵਿੱਚ ਮਾਨਸਿਕ ਸਿਹਤ ਅਤੇ ਪਦਾਰਥਾਂ ਦੀ ਦੁਰਵਰਤੋਂ ਦੇ ਵਿਕਾਰ ਨਾਲੋ ਨਾਲ ਹੁੰਦੇ ਹਨ, ਜੋ ਬੇਘਰ ਹੁੰਦੇ ਹਨ ਜਾਂ ਜਿਨ੍ਹਾਂ ਨੂੰ ਬੇਘਰੀ ਦਾ ਖਤਰਾ ਹੁੰਦਾ ਹੈ। ਤਰਜੀਹ ਉਹਨਾਂ ਨੂੰ ਦਿੱਤੀ ਜਾਵੇਗੀ ਜਿਨ੍ਹਾਂ ਦੀ ਸੱਭਿਆਚਾਰਕ ਪਛਾਣ ਉਹਨਾਂ ਨੂੰ ਸਾਡੀ ਕਮਿਉਨਿਟੀ ਵਿੱਚ ਘੱਟ ਸੇਵਾਵਾਂ ਪ੍ਰਾਪਤ ਆਬਾਦੀਆਂ ਵਿੱਚ ਰੱਖਦੀ ਹੈ (ਲਾਤੀਨੋ, ਏਸ਼ੀਆਈ ਭਾਰਤੀ ਜਾਂ ਹਮੌਂਗ)।
- ਮੁੜ ਸਿਹਤਯਾਬੀ ਪ੍ਰਾਪਤ ਕਰਨ ਦੇ ਕੇਂਦਰ (Wellness Recovery Centres) ਉਹਨਾਂ ਬਾਲਗਾਂ ਅਤੇ ਵਡੇਰੀ ਉਮਰ ਦੇ ਬਾਲਗਾਂ ਨੂੰ ਸੇਵਾਵਾਂ ਮੁਹੱਈਆ ਕਰਾਉਂਦੇ ਹਨ ਜਿਨ੍ਹਾਂ ਵਿੱਚ ਗੰਭੀਰ ਅਤੇ ਅੜੀਅਲ ਮਾਨਸਿਕ ਬਿਮਾਰੀ ਹੁੰਦੀ ਹੈ ਅਤੇ ਜੋ ਸੱਟਰ-ਯੂਬਾ ਮਾਨਸਿਕ ਸਿਹਤ ਸੇਵਾਵਾਂ ਦੁਆਰਾ ਮਿਥੀ ਆਬਾਦੀ ਲਈ ਸਥਾਪਤ ਕੀਤੀਆਂ ਸ਼ਰਤਾਂ ਪੂਰੀਆਂ ਕਰਦੇ ਹਨ।

**ਕੁੱਲ ਖ਼ਰਚੇ:**

ਵਿੱਤੀ ਸਾਲ 2008-09 ਵਾਸਤੇ ਅੰਦਾਜ਼ਨ ਖ਼ਰਚੇ $3,199,667 ਹਨ। ਇਹ ਪਿਛਲੇ ਸਾਲ ਦੇ ਖ਼ਰਚਿਆਂ ਨਾਲੋਂ $1,309,785 (69.3%) ਵੱਧ ਹੈ। ਵਾਧਾ ਇਹ ਤੱਥ ਦਿਖਾਉਂਦਾ ਹੈ ਕਿ ਪ੍ਰੋਗਰਾਮ ਪਰਿਵਰਤਨ ਪੂਰਾ ਕਰ ਲਿਆ ਗਿਆ ਹੈ ਅਤੇ ਬਜਟ ਹੁਣ ਪੂਰੀ ਤਰ੍ਹਾਂ ਨਾਲ ਚਾਲੂ ਪ੍ਰੋਗਰਾਮ ਦੇ ਖਰਚੇ ਨੂੰ ਦਰਸਾਉਂਦਾ ਹੈ।

**ਕਰਮਚਾਰੀਆਂ ਦੇ ਖਰਚੇ:**

ਵਿੱਤੀ ਸਾਲ 2008-09 ਵਾਸਤੇ ਕਰਮਚਾਰੀਆਂ ਦੇ ਅੰਦਾਜ਼ਨ ਖ਼ਰਚੇ $2,864,667 ਹਨ। ਇਹ ਪਿਛਲੇ ਸਾਲ ਦੇ ਖ਼ਰਚਿਆਂ ਨਾਲੋਂ $1,290,502 (82.0%) ਵੱਧ ਹੈ। ਵਾਧਾ ਇਸ ਪ੍ਰੋਗਰਾਮ ਵਾਸਤੇ ਅਮਲੇ ਨੂੰ ਰੱਖਣ ਵਿੱਚ ਇਸ ਦੁਆਰਾ ਲਏ ਗਏ ਸ਼ੁਰੂਆਤੀ ਸਮੇਂ ਨੂੰ ਦਰਸਾਉਂਦਾ ਹੈ।

ਏਕੀਕਿਰਤ ਸਮੁੱਚੀ ਸੇਵਾ ਭਾਈਵਾਲੀ ਟੀਮ ਵਿੱਚ ਸ਼ਾਮਲ ਹਨ 11.55 FTE ਮਾਨਸਿਕ ਸਿਹਤ ਥੇਰੇਪਿਸਟ; 15.25 FTE ਦਖਲ-ਦੇਣ ਵਾਲੇ ਸਲਾਹਕਾਰ; 3.55 FTE ਲਾਇਸੈਂਸਧਾਰੀ ਸਾਈਕਿਏਟ੍ਰਿਕ ਟੈਕਨੀਸ਼ੀਅਨ, ਇੱਕ ਅੱਧੇ ਸਮੇਂ ਲਈ ਕੰਮ ਕਰਨ ਵਾਲਾ ਮਾਨਸਿਕ ਸਿਹਤ ਵਰਕਰ; ਤਿੰਨ ਸਰੋਤ ਮਾਹਿਰ (Resource Specialists); ਇੱਕ ਸੁਪਰਵਾਈਜ਼ਿੰਗ ਦਖਲ-ਦੇਣ ਵਾਲਾ ਸਲਾਹਕਾਰ; ਬੱਚਿਆਂ ਲਈ ਸੰਭਾਲ ਪ੍ਰਣਾਲੀ ਵਾਸਤੇ ਇੱਕ ਪ੍ਰੋਗਰਾਮ ਮੈਨੇਜਰ, ਅਤੇ ਕਿਸੇ ਨੌਜਵਾਨ ਪ੍ਰੋਗਰਾਮ ਮੈਨੇਜਰ ਅਤੇ ਕਿਸੇ ਬਾਲਗ ਪ੍ਰੋਗਰਾਮ ਮੈਨੇਜਰ ਦੇ ਸਮੇਂ ਦਾ ਥੋੜ੍ਹਾ ਜਿਹਾ ਹਿੱਸਾ।

**ਕਾਰਜ ਚਲਾਉਣ ਦੇ ਖ਼ਰਚੇ:**

ਵਿੱਤੀ ਸਾਲ 2008-09 ਵਾਸਤੇ ਕਾਰਜ ਚਲਾਉਣ ਲਈ ਅੰਦਾਜ਼ਨ ਖ਼ਰਚੇ $335,000 ਹਨ। ਇਹ ਪਿਛਲੇ ਸਾਲ ਦੇ ਖ਼ਰਚਿਆਂ ਨਾਲੋਂ $20,763 (6.6%) ਵੱਧ ਹੈ। ਇਹ ਇਸ ਪ੍ਰੋਗਰਾਮ ਵਿੱਚ ਅਮਲੇ ਅਤੇ ਗਾਹਕਾਂ ਨੂੰ ਆਸਰਾ ਦੇਣ ਵਾਸਤੇ ਜ਼ਰੂਰੀ ਖ਼ਰਚੇ ਦਰਸਾਉਂਦਾ ਹੈ।

**ਮਾਲੀਏ:**

ਅਸੀਂ $690,000 ਦੇ Medi-Cal FFP ਮਾਲੀਏ ਅਤੇ $311,907 ਦੇ EPSDT ਮਾਲੀਏ ਪ੍ਰਾਪਤ ਕਰਨ ਦਾ ਪੂਰਵ ਅਨੁਮਾਨ ਲਗਾ ਰਹੇ ਹਾਂ। Medi-Cal FFP ਅਤੇ EPSDT ਵਾਸਤੇ ਵਿੱਤੀ ਸਾਲ 2007-08 ਦੇ ਬਿੱਲਾਂ ਦਾ ਵਾਪਸੀ-ਭੁਗਤਾਨ ਅਸੀਂ ਅਜੇ ਪ੍ਰਾਪਤ ਕਰਨਾ ਹੈ।

**F. ਇਹ ਯਕੀਨੀ ਬਣਾਉਣ ਲਈ ਗਣਨਾ ਕਿ ਵਿਵੇਕਸ਼ੀਲ ਰਾਖਵਾਂ, ਪੂੰਜੀ ਸੁਵਿਧਾਵਾਂ ਅਤੇ ਤਕਨਾਲੋਜੀ ਸੰਬੰਧੀ ਲੋੜਾਂ, ਅਤੇ ਕਾਰਜ ਬਲਾਂ ਦੀ ਸਿੱਖਿਆ ਅਤੇ ਸਿਖਲਾਈ ਵਾਸਤੇ 20% ਦੀ ਸੀਮਾ ਨੂੰ ਪਾਰ ਨਹੀਂ ਕੀਤਾ ਜਾਂਦਾ।**

ਵਰਤਮਾਨ ਸਮੇਂ, ਸੱਟਰ-ਯੂਬਾ ਮਾਨਸਿਕ ਸਿਹਤ ਸੇਵਾਵਾਂ ਕੋਲ ਅਜਿਹੇ ਕੋਈ ਵੀ CSS ਫੰਡ ਨਹੀਂ ਹਨ ਜੋ ਪੂੰਜੀ ਸੁਵਿਧਾਵਾਂ, ਤਕਨਾਲੋਜੀ ਲੋੜਾਂ ਜਾਂ ਕਾਰਜ-ਬਲਾਂ ਦੀ ਸਿੱਖਿਆ ਅਤੇ ਸਿਖਲਾਈ ਨੂੰ ਸਮਰਪਿਤ ਹੋਣ।

**G. ਇਸ ਗੱਲ ਦਾ ਸੰਖੇਪ ਵਰਣਨ ਕਿ CCR ਦੇ ਸੈਕਸ਼ਨ 3300 ਵਿਚਲੇ ਕਮਿਊਨਿਟੀ ਪ੍ਰੋਗਰਾਮ ਯੋਜਨਾਬੰਦੀ ਪ੍ਰਕਿਰਿਆ ਦੀਆਂ ਲੋੜਾਂ ਦੀ ਪੂਰਤੀ ਕਿਵੇਂ ਕੀਤੀ ਗਈ ਸੀ।**

ਸੱਟਰ-ਯੂਬਾ ਮਾਨਸਿਕ ਸਿਹਤ ਸੇਵਾਵਾਂ ਦੀ CSS ਤਾਜ਼ਾ ਯੋਜਨਾ, ਸਾਡੀ ਮੂਲ CSS ਯੋਜਨਾਬੰਦੀ ਪ੍ਰਕਿਰਿਆ ਵਿੱਚ ਪਛਾਣੇ ਗਏ ਪ੍ਰੋਗਰਾਮਾਂ 'ਤੇ ਉਸਾਰੀ ਕਰਦੀ ਹੈ। ਸਾਡੀ ਤਜਵੀਜ਼ ਵਰਤਮਾਨ ਪ੍ਰੋਗਰਾਮਾਂ ਦਾ ਵਿਸਥਾਰ ਕਰਦੀ ਹੈ ਅਤੇ ਇਹਨਾਂ ਨੂੰ ਮਜ਼ਬੂਤ ਕਰਦੀ ਹੈ ਤਾਂ ਜੋ ਸਾਡੇ ਵਰਤਮਾਨ ਪ੍ਰੋਗਰਾਮਾਂ ਨੂੰ ਲਾਗੂਕਰਨ ਵਿੱਚ ਪਛਾਣੇ ਗਏ ਖੱਪਿਆਂ ਨੂੰ ਪੂਰਿਆ ਜਾ ਸਕੇ। ਯੋਜਨਾ ਵਿੱਚ ਇਸ ਸੁਧਾਰ ਨੂੰ ਜਨਤਾ ਦੀ ਸਮੀਖਿਆ ਵਾਸਤੇ 30 ਦਿਨਾਂ ਲਈ ਸੱਟਰ-ਯੂਬਾ ਮੈਂਟਲ ਹੈਲਥ ਸਰਵਿਸਿਜ਼ ਡਿਪਾਰਟਮੈਂਟ, ਕਾਊਂਟੀ ਲਾਇਬਰੇਰੀਆਂ ਅਤੇ ਕਾਊਂਟੀ ਐਡਮਿਨਿਸਟ੍ਰੇਟਰ ਦੇ ਦਫਤਰਾਂ ਵਿਖੇ ਉਪਲਬਧ ਕਰਵਾਇਆ ਗਿਆ ਸੀ। ਇਸਤੋਂ ਇਲਾਵਾ ਯੋਜਨਾ ਵਿੱਚ ਇਸ ਸੁਧਾਰ ਨੂੰ ਸਾਡੀ ਕਾਊਂਟੀ ਦੀ ਵੈੱਬਸਾਈਟ 'ਤੇ ਮੂਲ ਯੋਜਨਾ ਅਤੇ ਇਸ ਯੋਜਨਾ ਵਿੱਚ ਵਰਿਧੀ ਦੇ ਨਾਲ ਪੋਸਟ ਕੀਤਾ ਗਿਆ ਸੀ। ਗਾਹਕ, ਪਰਿਵਾਰਕ ਮੈਂਬਰ ਅਤੇ ਹਿੱਤ-ਧਾਰਕ, ਸ਼ੁਰੂਆਤੀ CSS ਤਿੰਨ ਸਾਲਾ ਪ੍ਰੋਗਰਾਮ ਅਤੇ ਖ਼ਰਚ ਯੋਜਨਾ ਦੀ ਚੱਲ ਰਹੀ ਯੋਜਨਾਬੰਦੀ ਅਤੇ ਲਾਗੂਕਰਨ ਵਿੱਚ ਸ਼ਾਮਲ ਹੋਣਾ ਜਾਰੀ ਰੱਖੇ ਹੋਏ ਹਨ। ਭਾਗੇਦਾਰੀ ਸਾਰੀ ਸੰਸਥਾ ਵਿੱਚ ਵਾਪਰਦੀ ਹੈ। ਉਹਨਾਂ ਤਰੀਕਿਆਂ ਦਾ ਸੰਖੇਪ ਵਰਣਨ ਹੇਠਾਂ ਦਿੱਤਾ ਗਿਆ ਹੈ ਜਿਨ੍ਹਾਂ ਵਿੱਚ ਭਾਗੇਦਾਰੀ ਵਾਪਰਦੀ ਹੈ।

ਮਾਨਸਿਕ ਸਿਹਤ ਬੋਰਡ ਦੀ ਮੈਂਬਰਸ਼ਿਪ, ਉਪਭੋਗਤਾਵਾਂ, ਪਰਿਵਾਰ ਦੇ ਮੈਂਬਰਾਂ ਅਤੇ ਕਮਿਉਨਿਟੀ ਵਿਚਲੇ ਹਿੱਤ ਧਾਰਕਾਂ ਤੋਂ ਮਿਲਕੇ ਬਣਦੀ ਹੈ।

ਉਪਭੋਗਤਾ ਕਰਮਚਾਰੀ ਮਹੀਨੇਵਾਰ MHSA ਅਤੇ ਮਾਨਸਿਕ ਸਿਹਤ ਪ੍ਰਬੰਧਨ-ਨਿਗਰਾਨ ਬੈਠਕਾਂ ਵਿੱਚ ਹਾਜ਼ਰੀ ਭਰਦੇ ਹਨ। ਉਹ ਪ੍ਰਣਾਲੀਆਂ ਵਿੱਚ ਆਵਾਗੌਣ ਕਰਨ ਦੇ ਔਜ਼ਾਰਾਂ ਦੀ ਸਿਰਜਣਾ ਕਰਨ ਵਿੱਚ ਸਹਾਇਤਾ ਕਰਦੇ ਹਨ ਅਤੇ ਇਸ ਪ੍ਰਕਿਰਿਆ ਬਾਰੇ ਟਿੱਪਣੀਆਂ ਦਿੰਦੇ ਹਨ।

ਉਪਭੋਗਤਾ ਹਫਤਾਵਰੀ MHSA FSP (ਸਮੁੱਚੀ ਸੇਵਾ ਭਾਈਵਾਲੀ) ਅਤੇ ਗੈਰ-ਸਮੁੱਚੀ ਸੇਵਾ ਭਾਈਵਾਲੀ ਬੈਠਕਾਂ ਵਿੱਚ ਹਾਜ਼ਰੀ ਭਰਦੇ ਹਨ ਅਤੇ ਪ੍ਰਣਾਲੀ ਦੇ ਡਿਜ਼ਾਈਨ ਦੇ ਮੁੱਦਿਆਂ ਬਾਰੇ ਵਿਚਾਰ ਮੁਹੱਈਆ ਕਰਾਉਂਦੇ ਹਨ ਅਤੇ ਸੁਧਾਰ ਵਾਸਤੇ ਸਿਫਾਰਸ਼ਾਂ ਕਰਦੇ ਹਨ।

**H. CCR ਦੇ ਸੈਕਸ਼ਨ 3315(a) ਅਨੁਸਾਰ ਸਥਾਨਕ 30 ਦਿਨ ਦੀ ਸਮੀਖਿਆ ਪ੍ਰਕਿਰਿਆ ਦੇ ਦਸਤਾਵੇਜ਼**

MHSA ਯੋਜਨਾ ਦੀ ਸਮੀਖਿਆ ਵਾਸਤੇ, 30 ਦਿਨਾਂ ਦੀ ਜਨਤਕ ਟਿੱਪਣੀ ਪ੍ਰਕਿਰਿਆ, CSS ਖਰੜਾ ਲਾਗੂਕਰਨ ਰਿਪੋਰਟ 14 ਨਵੰਬਰ, 2008 ਨੂੰ ਚਾਲੂ ਹੋਈ। ਜਨਤਕ ਸੁਣਵਾਈ ਬਾਰੇ ਅਧਿਸੂਚਨਾ ਅਤੇ ਕਮਿਉਨਿਟੀ ਸੇਵਾਵਾਂ ਅਤੇ ਸਹਾਇਤਾ ਯੋਜਨਾ ਬਾਰੇ ਤਾਜ਼ਾ ਜਾਣਕਾਰੀ ਨੂੰ ਸੱਟਰ-ਯੂਬਾ ਮਾਨਸਿਕ ਸਿਹਤ ਸੇਵਾਵਾਂ ਮੁਹੱਈਆ ਕਰਾਉਣ ਵਾਲਿਆਂ ਦੇ

ਸਾਰੇ ਕਾਰਜ ਸਥਾਨਾਂ ਨੂੰ ਵੰਡਿਆ ਗਿਆ ਸੀ ਅਤੇ ਇਸਨੂੰ ਸੱਟਰ ਕਾਊਂਟੀ ਅਤੇ ਯੂਬਾ ਕਾਊਂਟੀ ਦੀਆਂ ਮੁੱਖ ਲਾਇਬਰੇਰੀਆਂ ਵਿਖੇ ਮੁਹੱਈਆ ਕਰਾਇਆ ਗਿਆ ਸੀ। ਜਨਤਕ ਸੁਣਵਾਈ ਬਾਰੇ ਇਹ ਅਧਿਸੂਚਨਾ ਤਾਜ਼ਾ ਜਾਣਕਾਰੀ ਜਨਤਾ ਦੀ ਸਮੀਖਿਆ ਵਾਸਤੇ ਸੱਟਰ-ਯੂਬਾ ਮਾਨਸਿਕ ਸਿਹਤ ਸੇਵਾਵਾਂ ਦੀ ਵੈੱਬਸਾਈਟ, ਸੱਟਰ ਕਾਊਂਟੀ ਵਾਸਤੇ ਨੈੱਟਵਰਕ ਆਫ਼ ਕੇਅਰ ਦੀ ਵੈੱਬਸਾਈਟ, ਅਤੇ ਯੂਬਾ ਕਾਊਂਟੀ ਵਾਸਤੇ ਨੈੱਟਵਰਕ ਆਫ਼ ਕੇਅਰ ਵੈੱਬ ਸਾਈਟ ਵਿਖੇ ਉਪਲਬਧ ਸਨ। ਇੰਟਰਨੈੱਟ ਐਡਰੈੱਸਾਂ ਦੀ ਸੂਚੀ ਹੇਠਾਂ ਦਿੱਤੀ ਗਈ ਹੈ:

http://www.co.sutter.ca.us
http://www.Sutter.networkofcare.org
http://www.Yuba.networkofcare.org

ਜਨਤਕ ਸੁਣਵਾਈ ਬਾਰੇ ਨੋਟਿਸ ਨੂੰ ਡਾਕ ਰਾਹੀਂ ਅਗਵਾਈ ਕਮੇਟੀ ਦੇ ਸਾਰੇ ਮੈਂਬਰਾਂ ਅਤੇ ਭਾਈਵਾਲ ਅਦਾਰਿਆਂ ਨੂੰ ਭੇਜਿਆ ਗਿਆ ਸੀ; ਇਸਨੂੰ ਸੱਟਰ ਕਾਊਂਟੀ ਅਤੇ ਯੂਬਾ ਕਾਊਂਟੀ ਦੀਆਂ ਮੁੱਖ ਲਾਇਬਰੇਰੀਆਂ ਵਿਖੇ ਪੋਸਟ ਕੀਤਾ ਗਿਆ ਸੀ; ਇਸਨੂੰ ਅਪੀਲ-ਡੈਮੋਕਰੈਟ ਅਖਬਾਰ ਵਿੱਚ ਪੋਸਟ ਕੀਤਾ ਗਿਆ ਸੀ; ਅਤੇ ਇਸਨੂੰ ਹਰ ਉਸ ਵਿਅਕਤੀ ਨੂੰ ਮੁਹੱਈਆ ਕੀਤਾ ਗਿਆ ਸੀ ਜਿਸਨੇ ਵੀ ਇਸਦੀ ਨਕਲ ਮੰਗੀ। ਜਨਤਕ ਟਿੱਪਣੀਆਂ ਨੂੰ ਜਾਂ ਤਾਂ ਈ-ਮੇਲ ਰਾਹੀਂ bgriffith@co.sutter.ca.us 'ਤੇ ਭੇਜਿਆ ਜਾ ਸਕਦਾ ਸੀ ਜਾਂ ਫਿਰ ਇਸ ਪਤੇ 'ਤੇ ਡਾਕ ਰਾਹੀਂ ਭੇਜਿਆ ਜਾ ਸਕਦਾ ਸੀ: MHSA Coordinator, Sutter-Yuba Mental Health Services, at 1965 Live Oak Blvd., P.O. Box 1520, Yuba City, CA 95992 , ਜਾਂ ਫਿਰ ਇਸਨੂੰ ਵਿਅਕਤੀਗਤ ਰੂਪ ਵਿੱਚ ਦਿੱਤਾ ਜਾ ਸਕਦਾ ਸੀ। ਸਥਾਨਕ ਮਾਨਸਿਕ ਸਿਹਤ ਬੋਰਡ ਦੇ ਸਾਹਮਣੇ ਜਨਤਕ ਸੁਣਵਾਈ 15 ਦਸੰਬਰ 2008 ਨੂੰ ਹੋਈ ਸੀ। ਜਨਤਕ ਟਿੱਪਣੀ ਦੀ ਮਿਆਦ ਇਸ ਬੈਠਕ ਦੇ ਖਤਮ ਹੋਣ ਨਾਲ ਹੀ ਸਮਾਪਤ ਹੋ ਗਈ।

## I. ਯੋਜਨਾ ਬਾਰੇ ਨਵੀਂ ਜਾਣਕਾਰੀ ਜੋ ਕਿਸੇ ਮੌਜੂਦਾ ਪ੍ਰੋਗਰਾਮ ਦੀ ਆਬਾਦੀ ਜਾਂ ਸੇਵਾ ਦੀ ਅਦਾਇਗੀ ਵਿੱਚ ਤਬਦੀਲੀਆਂ ਦਾ ਸੁਝਾਅ ਦਿੰਦੀ ਹੈ।

1. ਪ੍ਰੋਗਰਾਮ ਵਿੱਚ ਕਿਸੇ ਵੀ ਤਬਦੀਲੀਆਂ ਦਾ ਸੁਝਾਅ ਨਹੀਂ ਦਿੱਤਾ ਗਿਆ ਹੈ। ਅਸੀਂ ਕੇਵਲ ਸਾਡੀਆਂ ਮੌਜੂਦਾ ਸੇਵਾਵਾਂ ਦਾ ਵਿਸਥਾਰ ਕਰ ਰਹੇ ਹਾਂ।

2. ਬਾਹਰ ਕੱਢੇ ਜਾਣ ਵਾਸਤੇ ਕਿਸੇ ਵੀ ਸੇਵਾਵਾਂ ਜਾਂ ਪ੍ਰੋਗਰਾਮਾਂ ਦਾ ਸੁਝਾਅ ਨਹੀਂ ਦਿੱਤਾ ਗਿਆ।

## J. ਹਰ ਨਵੇਂ CSS ਪ੍ਰੋਗਰਾਮ(ਮਾਂ) ਜਾਂ ਸੇਵਾ(ਵਾਂ) ਵਾਸਤੇ ਦਸਤਾਵੇਜ਼ ਜਿਨ੍ਹਾਂ ਨੂੰ ਪਹਿਲਾਂ ਹੀ ਇਸਦੇ ਤਿੰਨ ਸਾਲਾਂ ਪ੍ਰੋਗਰਾਮ ਅਤੇ ਖ਼ਰਚ ਯੋਜਨਾ ਵਿੱਚ ਸ਼ਾਮਲ ਨਹੀਂ ਕੀਤਾ ਗਿਆ

ਸੱਟਰ-ਯੂਬਾ ਮਾਨਸਿਕ ਸਿਹਤ ਸੇਵਾਵਾਂ, ਕਿਸੇ ਵੀ ਅਜਿਹੇ ਨਵੇਂ CSS ਪ੍ਰੋਗਰਾਮ(ਮਾਂ) ਜਾਂ ਸੇਵਾ(ਵਾਂ) ਦੀ ਤਜਵੀਜ਼ ਨਹੀਂ ਦੇ ਰਹੀ ਜਿਨ੍ਹਾਂ ਨੂੰ ਪਹਿਲਾਂ ਹੀ ਇਸਦੇ ਤਿੰਨ ਸਾਲਾਂ ਪ੍ਰੋਗਰਾਮ ਅਤੇ ਖ਼ਰਚ ਯੋਜਨਾ ਵਿੱਚ ਸ਼ਾਮਲ ਨਹੀਂ ਕੀਤਾ ਗਿਆ।

ਅੰਤਿਕਾ A
ਵਿਖਾਲਾ 1

ਕਮਿਊਨਿਟੀ ਸੇਵਾਵਾਂ ਅਤੇ ਸਹਾਇਤਾ
ਵਿੱਤੀ ਸਾਲ 2008-09 ਦੀ ਯੋਜਨਾ ਬਾਰੇ ਤਾਜ਼ਾ ਜਾਣਕਾਰੀ

## ਕਾਊਂਟੀ ਵੱਲੋਂ ਪ੍ਰਮਾਣੀਕਰਨ

**ਮੈਂ ਏਥੇ ਇਹ ਤਸਦੀਕ ਕਰਦਾ/ਕਰਦੀ ਹਾਂ ਕਿ ਮੈਂ ਸੱਟਰ-ਯੂਬਾ ਕਾਊਂਟੀ ਵਿੱਚ ਅਤੇ ਇਸਦੇ ਵਾਸਤੇ ਕਮਿਊਨਿਟੀ ਮਾਨਸਿਕ ਸਿਹਤ ਸੇਵਾਵਾਂ ਦੇ ਸੰਚਾਲਨ ਲਈ ਜਿੰਮੇਵਾਰ ਅਧਿਕਾਰੀ ਹਾਂ ਅਤੇ ਇਹ ਕਿ ਹੇਠ ਲਿਖੀਆਂ ਗੱਲਾਂ ਸੱਚੀਆਂ ਅਤੇ ਸਹੀ ਹਨ:**

ਇਹ ਕਮਿਊਨਿਟੀ ਸੇਵਾਵਾਂ ਅਤੇ ਸਹਾਇਤਾ ਯੋਜਨਾ ਬਾਰੇ ਤਾਜ਼ਾ ਜਾਣਕਾਰੀ, ਮਾਨਸਿਕ ਸਿਹਤ ਸੇਵਾਵਾਂ ਕਾਨੂੰਨ ਦੇ ਅਨੁਸਾਰੀ ਹੈ। ਯੋਜਨਾ ਬਾਰੇ ਇਹ ਨਵੀਂ ਜਾਣਕਾਰੀ ਕੈਲੀਫੋਰਨੀਆ ਕੋਡ ਆਫ਼ ਰੈਗੂਲੇਸ਼ਨਜ (CCR) ਦੇ ਸੈਕਸ਼ਨ 3610 ਤੋਂ ਲੈ ਕੇ 3650 ਤੱਕ, ਸਿਰਲੇਖ 9 ਵਿੱਚ ਨਿਰਧਾਰਤ ਕੀਤੇ ਮਿਆਰਾਂ ਦੀ ਹਾਮੀ ਭਰਦੀ ਹੈ ਅਤੇ ਉਹਨਾਂ ਦੇ ਅਨੁਸਾਰ ਹੈ।

ਯੋਜਨਾ ਬਾਰੇ ਇਸ ਨਵੀਂ ਜਾਣਕਾਰੀ ਨੂੰ ਹਿੱਤ-ਧਾਰਕਾਂ ਦੀ ਭਾਗੇਦਾਰੀ ਨਾਲ CCR ਦੇ ਸੈਕਸ਼ਨਾਂ 3300, 3310, ਅਤੇ 3315 ਅਨੁਸਾਰ ਤਿਆਰ ਕੀਤਾ ਗਿਆ ਹੈ । ਸਮੀਖਿਆ ਕਰਨ ਅਤੇ ਟਿੱਪਣੀ ਵਾਸਤੇ ਯੋਜਨਾ ਬਾਰੇ ਨਵੀਂ ਜਾਣਕਾਰੀ ਦੇ ਖਰੜੇ ਨੂੰ ਸਾਰੇ ਹਿੱਤ-ਧਾਰਕਾਂ ਵਿੱਚ 30 ਦਿਨਾਂ ਤੱਕ ਵੰਡਿਆ ਗਿਆ ਸੀ। ਪ੍ਰਾਪਤ ਹੋਏ ਸਾਰੇ ਵਿਚਾਰਾਂ 'ਤੇ ਵਿਚਾਰ ਕੀਤਾ ਗਿਆ ਹੈ, ਲੋੜ ਅਨੁਸਾਰ ਅਨੁਕੂਲਨਤਾਵਾਂ ਕੀਤੀਆਂ ਗਈਆਂ ਹਨ।

ਮਾਨਸਿਕ ਸਿਹਤ ਸੇਵਾਵਾਂ ਕਾਨੂੰਨ ਦੇ ਫੰਡਾਂ ਨੂੰ CCR ਦੇ ਸਿਰਲੇਖ 9 ਦੇ ਸੈਕਸ਼ਨ 3410, ਨਾਨ-ਸਪਲਾਂਟ (Non-Supplant) ਦੀ ਤਾਮੀਲ ਕਰਦੇ ਹੋਇਆ ਵਰਤਿਆ ਜਾ ਰਿਹਾ ਹੈ ਅਤੇ ਵਰਤਿਆ ਜਾਵੇਗਾ।

ਨਾਲ ਨੱਥੀ ਕੀਤੀ ਕਮਿਊਨਿਟੀ ਸੇਵਾਵਾਂ ਅਤੇ ਸਹਾਇਤਾ ਯੋਜਨਾ ਬਾਰੇ ਤਾਜ਼ੀ ਜਾਣਕਾਰੀ ਦੇ ਸਾਰੇ ਦਸਤਾਵੇਜ਼ ਸੱਚੇ ਅਤੇ ਸਹੀ ਹਨ।

**ਤਾਰੀਖ਼:** **ਦਸਤਖਤ**______________________________________
**ਸਥਾਨਕ ਮਾਨਸਿਕ ਸਿਹਤ ਡਾਇਰੈਕਟਰ**

**ਇਸ ਸਥਾਨ ਵਿਖੇ ਅਮਲ ਵਿੱਚ ਲਿਆਂਦਾ ਗਿਆ:** ________________________________________

# ਅੰਤਿਕਾ B
## ਵਿਖਾਲਾ 2

### FY 2008/09 ਮਾਨਸਿਕ ਸਿਹਤ ਸੇਵਾਵਾਂ ਦੇ ਕਾਨੂੰਨ ਦੀਆਂ ਕਮਿਊਨਿਟੀ ਸੇਵਾਵਾਂ ਅਤੇ ਸਹਾਇਤਾ ਦੀ ਕਾਰਜ ਯੋਜਨਾ ਦੇ ਸਾਰ ਦੀ ਸੂਚੀ

**ਕਾਉਂਟੀ:** ਸੱਟਰ-ਯੂਬਾ ਮੈਂਟਲ ਹੈਲਥ **ਤਾਰੀਖ਼:** 10/31/2008

| ਕਾਰਜ ਯੋਜਨਾਵਾਂ | | | | ਮੰਗਿਆ ਗਿਆ ਕੁੱਲ ਫ਼ੰਡ | | | | ਉਮਰ ਸਮੂਹ ਦੇ ਅਨੁਸਾਰ ਮੰਗਿਆ ਗਿਆ ਫ਼ੰਡ | | | |
|---|---|---|---|---|---|---|---|---|---|---|---|
| | ਨਹੀਂ. | nam | ਨਵਾਂ (N)/ਪ੍ਰਵਾਨਿਤ ਮੌਜੂਦਾ (E) | ਪੂਰੀ ਸੇਵਾ ਦੀ ਸਾਂਝੇਦਾਰੀ (FSP) | ਸਿਸਟਮ ਦਾ ਵਿਕਾਸ | ਲੋਕਾਂ ਤਕ ਜਾਣਾ ਅਤੇ ਉਹਨਾਂ ਨੂੰ ਜੋੜਨਾ | ਕੁੱਲ ਮੰਗ | ਬੱਚੇ, ਨੌਜਵਾਨ, ਪਰਿਵਾਰ | ਪਰਿਵਰਤਨ ਦੀ ਉਮਰ ਵਾਲੇ ਨੌਜਵਾਨ | ਬਾਲਗ | ਬਜ਼ੁਰਗ ਬਾਲਗ |
| 1. | 2 | ਜ਼ਰੂਰੀ ਸੇਵਾਵਾਂ | E | $11,958 | $227,192 | | $239,150 | | | | |
| 2. | 5 | ਵਡੇਰੀ ਉਮਰ ਦੇ ਬਾਲਗਾਂ ਦੀਆਂ ਸੇਵਾਵਾਂ | E | $26,487 | | $238,379 | $264,866 | | | | $264,866 |
| 3. | 6 | ਨਸਲੀ ਲੋਕਾਂ ਤਕ ਪਹੁੰਚਣਾ | E | $91,914 | $229,785 | $137,870 | $459,569 | $114,892 | $114,892 | $114,892 | $114,893 |
| 4. | 7 | ਏਕੀਕਿਰਤ ਸਮੁੱਚੀ ਸੇਵਾ ਵਾਲਾ ਹਿੱਸਾ | E | $2,192,760 | | | $2,192,760 | | | | |
| 5. | | | | | | | $0 | | | | |
| 6. | | | | | | | $0 | | | | |
| 7. | | | | | | | $0 | | | | |
| 8. | | | | | | | $0 | | | | |
| 9. | | | | | | | $0 | | | | |
| 10. | | | | | | | $0 | | | | |
| 11. | | | | | | | $0 | | | | |
| 12. | | | | | | | $0 | | | | |
| 13. | | | | | | | $0 | | | | |
| 14. | | | | | | | $0 | | | | |
| 15. | | | | | | | $0 | | | | |
| 16. | | | | | | | $0 | | | | |
| 17. | | | | | | | $0 | | | | |
| 18. | | | | | | | $0 | | | | |
| 19. | | | | | | | $0 | | | | |
| 20. | | | | | | | $0 | | | | |
| 21. | | | | | | | $0 | | | | |
| 22. | | | | | | | $0 | | | | |
| 23. | | | | | | | $0 | | | | |
| 24. | | | | | | | $0 | | | | |
| 25. | | | | | | | $0 | | | | |
| 26. **ਉਪਜੋੜ: ਕਾਰਜ ਯੋਜਨਾਵਾਂ**[a/] | | | | $2,323,119 | $456,977 | $376,249 | $3,156,345 | $114,892 | $114,892 | $114,892 | $379,759 |
| 27. **ਵੈਕਲਪਿਕ 10% ਕੰਮਕਾਜੀ ਰਾਖਵਾਂ**[b/] | | | | | | | | | | | |
| 28. **CSS ਪ੍ਰਬੰਧਨ**[c/] | | | | | | | $1,425,683 | | | | |
| 29. **CSS ਪੂੰਜੀ ਸਹੂਲਤਾਂ ਦੇ ਪ੍ਰੋਜੈਕਟ**[d/] | | | | | | | | | | | |
| 30. **CSS ਟੈਕਨਾਲੋਜੀਕਲ ਲੋੜਾਂ ਦੇ ਪ੍ਰੋਜੈਕਟ**[d/] | | | | | | | | | | | |
| 31. **CSS ਕਰਮਚਾਰੀਆਂ ਦੀ ਸਿੱਖਿਆ ਅਤੇ ਸਿਖਲਾਈ**[d/] | | | | | | | | | | | |
| 32. **CSS ਦੂਰਦਰਸ਼ੀ ਰਾਖਵਾਂ**[e/] | | | | | | | | | | | |
| 33. **ਮੰਗਿਆ ਗਿਆ ਕੁੱਲ ਫ਼ੰਡ** | | | | | | | $4,582,028 | | | | |

a/ ਜ਼ਿਆਦਾਤਰ ਫ਼ੰਡ ਲਾਜ਼ਮੀ ਤੌਰ 'ਤੇ FSPs (ਟਾਈਟਲ 9, ਕੈਲੀਫ਼ੋਰਨੀਆ ਕੋਡ ਆਫ਼ ਰੈਗੂਲੇਸ਼ੰਜ਼ ਸੈਕਸ਼ਨ 3620(c)) ਵੱਲ ਭੇਜੇ ਜਾਣੇ ਚਾਹੀਦੇ ਹਨ। FSPs ਵੱਲ ਭੇਜੇ ਗਏ ਫ਼ੰਡਾਂ ਦਾ ਪ੍ਰਤੀਸ਼ਤ= 73.60%
b/ ਲਾਈਨ 26 ਦੇ 10% ਤੋਂ ਵੱਧ ਨਹੀਂ ਸਕਦਾ।
c/ ਵਿਖਾਲਾ 5 ਭਰੋ।
d/ ਹਰ ਇੱਕ ਹਿੱਸੇ ਲਈ ਸੰਬੰਧਿਤ ਨਿਰਦੇਸ਼ਾਂ ਤੋਂ ਬਜਟ ਦੇ ਪੰਨੇ ਭਰੋ।
e/ ਵਿਖਾਲਾ 4 ਭਰੋ।

# ਅੰਤਿਕਾ C
# ਵਿਖਾਲਾ 3R

**ਵਿੱਤੀ ਸਾਲ 2008/09 ਲਈ ਮਾਨਸਿਕ ਸਿਹਤ ਸੇਵਾਵਾਂ ਦੇ ਕਾਨੂੰਨ ਅਧੀਨ ਕਮਿਊਨਿਟੀ ਸੇਵਾਵਾਂ ਅਤੇ ਸਹਾਇਤਾ ਲਈ ਫ਼ੰਡਾਂ ਦੀ ਮੰਗ**

**ਤਾਰੀਖ਼:** 10/31/2008

**ਕਾਉਂਟੀ:** ਸੱਟਰ-ਯੁਬਾ ਮੈਂਟਲ ਹੈਲਥ

| | ਫ਼ੰਡਾਂ ਦੀ ਵਰਤੋਂ | ਫ਼ੰਡਾਂ ਦਾ ਸ੍ਰੋਤ | |
|---|---|---|---|
| ਵਿੱਤੀ ਸਾਲ 2008/09 ਲਈ ਵਿਖਾਲਾ 3 ਦੀ ਲਾਈਨ 33 ਤੋਂ ਮੰਗੇ ਗਏ ਕੁੱਲ ਫ਼ੰਡ | $4,582,028 | | |
| | | $32 | ਵਿੱਤੀ ਸਾਲ 06/07 ਲਈ CSS ਸਵੀਕਾਰ ਨਾ ਕੀਤੇ ਗਏ ਯੋਜਨਾਬੰਦੀ ਦੇ ਅੰਦਾਜ਼ੇ |
| | | $263,696 | ਵਿੱਤੀ ਸਾਲ 07/08 ਲਈ CSS ਸਵੀਕਾਰ ਨਾ ਕੀਤੇ ਗਏ ਯੋਜਨਾਬੰਦੀ ਦੇ ਅੰਦਾਜ਼ੇ |
| | | $3,568,300 | ਵਿੱਤੀ ਸਾਲ 08/09 ਲਈ ਯੋਜਨਾਬੰਦੀ ਦੇ ਅੰਦਾਜ਼ੇ* |
| | | $750,000 | ਖਰਚਿਆ ਨਾ ਗਿਆ CSS ਫ਼ੰਡ (ਹੱਥ ਵਿੱਚ ਨਕਦੀ) |
| ਕੁੱਲ | $4,582,028 | $4,582,028 | |

* ਵਿਖਾਲਾ 2 ਦੀ ਲਾਈਨ 29, 30 ਅਤੇ 31 ਲਈ ਮੰਗੇ ਗਏ ਫ਼ੰਡ ਲਾਜ਼ਮੀ ਤੌਰ 'ਤੇ ਵਿੱਤੀ ਸਾਲ 08/09 ਲਈ CSS ਯੋਜਬਾਬੰਦੀ ਦੇ ਅੰਦਾਜ਼ੇ ਤੋਂ ਲਏ ਜਾਣੇ ਚਾਹੀਦੇ ਹਨ।

# ਅੰਤਿਕਾ D
# ਵਿਖਾਲਾ 5a

**FY 2008/09 ਮਾਨਸਿਕ ਸਿਹਤ ਸੇਵਾਵਾਂ ਦੇ ਕਾਨੂੰਨ ਦੀਆਂ ਕਮਿਉਨਿਟੀ ਸੇਵਾਵਾਂ ਅਤੇ ਸਹਾਇਤਾ**
**ਸੰਚਾਲਨ ਬਜਟ ਦੀ ਵਰਕਸ਼ੀਟ**

ਕਾਉਂਟੀ: ਸੱਟਰ-ਯੁਬਾ ਮੈਂਟਲ ਹੈਲਥ

ਵਿੱਤੀ ਸਾਲ: 2008-09

ਤਾਰੀਖ਼: 10/31/2008

| | ਅਨੁਮਾਨਿਤ ਵਿੱਤੀ ਸਾਲ 2007/08 ਲਈ ਖ਼ਰਚੇ ਅਤੇ ਮਾਲੀਏ | ਅਨੁਮਾਨਿਤ ਵਿੱਤੀ ਸਾਲ 2008/09 ਲਈ ਖ਼ਰਚੇ ਅਤੇ ਮਾਲੀਏ |
|---|---|---|
| **A. ਖ਼ਰਚੇ** | | |
| **1. ਕਰਮਚਾਰੀਆਂ ਦੇ ਖ਼ਰਚੇ** | | |
| a. MHSA ਕੋਆਰਡੀਨੇਟਰ | | |
| b. MHSA ਸਹਾਇਕ ਸਟਾਫ਼ | | |
| c. ਦੂਸਰੇ ਕਰਮਚਾਰੀ (ਹੇਠਾਂ ਸੂਚਿਤ ਕਰੋ) | | |
| i. ਮੈਡੀਕਲ ਵਿੱਤੀ ਮੈਨੇਜਰ | $38,321 | $37,736 |
| ii. ਸਟਾਫ਼ ਵਿਸ਼ਲੇਸ਼ਕ | $33,528 | $34,310 |
| iii. | | |
| iv. | | |
| v. | | |
| vi. | | |
| vii. | | |
| d. ਕੁੱਲ ਤਨਖਾਹਾਂ | | |
| e. ਕਰਮਚਾਰੀ ਬੈਨਿਫ਼ਿਟ | $32,586 | $30,673 |
| f. ਕੁੱਲ ਕਰਮਚਾਰੀ ਖ਼ਰਚੇ | $104,435 | $102,719 |
| **2. ਕਾਰਜ ਚਲਾਉਣ ਦੇ ਖ਼ਰਚੇ** | | |
| **3. ਕਾਊਂਟੀ ਦੁਆਰਾ ਵੰਡਿਆ ਸੰਚਾਲਨ** | | |
| a. ਕਾਉਂਟੀ ਵਿੱਚ ਫੈਲਿਆ ਸੰਚਾਲਨ (A-87) | | |
| b. ਦੂਸਰੇ ਸੰਚਾਲਨ (ਬਜਟ ਦੇ ਵਰਨਨ ਵਿੱਚ ਵਰਨਨ ਕਰੋ) | $522,526 | $1,397,964 |
| c. ਕਾਊਂਟੀ ਦੁਆਰਾ ਵੰਡਿਆ ਕੁੱਲ ਸੰਚਾਲਨ | $522,526 | $1,397,964 |
| **4. ਕੁੱਲ ਪ੍ਰਸਤਾਵਿਤ ਕਾਊਂਟੀ ਦਾ ਸੰਚਾਲਨ ਬਜਟ** | $626,961 | $1,500,683 |
| **B. ਮਾਲੀਏ** | | |
| **1. ਨਵੇਂ ਮਾਲੀਏ** | | |
| a. Medi-Cal (ਸਿਰਫ਼ FFP) | | |
| b. ਦੂਸਰੇ ਮਾਲੀਏ | | $75,000 |
| **2. ਕੁੱਲ ਮਾਲੀਏ** | $0 | $75,000 |
| **C. ਅਣ-ਆਵਰਤੀ ਖ਼ਰਚੇ** | | |
| **D. ਕਾਊਂਟੀ ਸੰਚਾਲਨ ਦੀ ਫ਼ੰਡਾਂ ਦੀ ਕੁੱਲ ਲੋੜ** | $626,961 | $1,425,683 |

## ਕਾਊਂਟੀ ਵੱਲੋਂ ਪ੍ਰਮਾਣੀਕਰਨ

ਮੈਂ ਝੂਠੇ ਬਿਆਨ ਲਈ ਸਜ਼ਾ ਦੇ ਤਹਿਤ ਪ੍ਰਮਾਣਿਤ ਕਰਦਾ ਹਾਂ ਕਿ ਮੈਂ ਦੱਸੀ ਗਈ ਕਾਉਂਟੀ ਵਿੱਚ ਅਤੇ ਇਸਦੇ ਵਾਸਤੇ ਕਮਿਉਨਿਟੀ ਮਾਨਸਿਕ ਸਿਹਤ ਸੇਵਾਵਾਂ ਦੇ ਸੰਚਾਲਨ ਲਈ ਜ਼ੁੰਮੇਵਾਰ ਅਧਿਕਾਰੀ ਹਾਂ; ਮੈਂ ਸੈਕਸ਼ਨ 5891 ਭਲਾਈ ਅਤੇ ਸੰਸਥਾਵਾਂ ਸੰਬੰਧੀ ਕਾਨੂੰਨ (ਵੈਲਫ਼ੇਅਰ ਐਂਡ ਇੰਸਟੀਟਿਊਸ਼ਨ ਕੋਡ) ਦੀ ਕਿਸੇ ਵੀ ਸ਼ਰਤ ਦਾ ਉਲੰਘਣ ਨਹੀਂ ਕੀਤਾ ਹੈ ਜਿਸ ਵਿੱਚ ਫ਼ੰਡ ਦੀਆਂ ਸਾਰੀਆਂ ਪਛਾਣੀਆਂ ਗਈਆਂ ਲੋੜਾਂ (ਸਾਰੇ MHSA ਬਜਟਾਂ ਅਤੇ ਇਸ ਸੰਚਾਲਨ ਬਜਟ ਵਿੱਚ) MHSA ਨੂੰ ਪਾਰਿਤ ਕੀਤੇ ਜਾਣ ਦੇ ਬਾਅਦ ਮਾਨਸਿਕ ਸਿਹਤ ਸੇਵਾਵਾਂ ਦੇ ਵਿਸਥਾਰ ਨਾਲ ਸੰਬੰਧਿਤ ਖ਼ਰਚੇ ਦਰਸਾਉਂਦੀਆਂ ਹਨ ਅਤੇ ਬਦਲੇ ਹੋਏ ਖ਼ਰਚੇ ਨਹੀਂ ਦਰਸਾਉਂਦੀਆਂ ਹਨ; ਕਿ ਵਿੱਤੀ ਸਾਲ 2004-05 ਦੇ ਮਾਨਸਿਕ ਸਿਹਤ ਲਈ ਵਰਤੇ ਜਾਣ ਵਾਲੇ ਫ਼ੰਡ ਅਜਿਹੀਆਂ ਸੇਵਾਵਾਂ ਮੁਹੱਈਆ ਕਰਨ ਲਈ ਵਰਤੇ ਜਾਣਗੇ; ਅਤੇ ਇਹ ਕਿ ਮੇਰੀ ਪੂਰੀ ਜਾਣਕਾਰੀ ਅਤੇ ਵਿਸ਼ਵਾਸ ਦੇ ਅਨੁਸਾਰ ਇਹ ਸੰਚਾਲਨ ਬਜਟ ਅਤੇ ਸਾਰੇ ਸੰਬੰਧਿਤ ਪ੍ਰੋਗਰਾਮ ਬਜਟ ਸਾਰੇ ਮਾਇਨਿਆਂ ਵਿੱਚ ਸੱਚੇ, ਸਹੀ, ਅਤੇ ਕਾਨੂੰਨ ਦੀ ਦੇ ਅਨੁਸਾਰ ਹਨ।

ਤਾਰੀਖ਼: ________ ਦਸਤਖਤ ______________________

ਸਥਾਨਕ ਮਾਨਸਿਕ ਸਿਹਤ ਡਾਇਰੈਕਟਰ ਜਾਂ ਨਾਮਾਂਕਿਤ ਵਿਅਕਤੀ

ਅਮਲ ਵਿੱਚ ਲਿਆਂਦਾ ਗਿਆ ______________________, ਕੈਲੀਫ਼ੋਰਨੀਆ

# ਅੰਤਿਕਾ E
# ਵਿਖਾਲਾ 5b

**FY 2008/09 ਮਾਨਸਿਕ ਸਿਹਤ ਸੇਵਾਵਾਂ ਦੇ ਕਾਨੂੰਨ ਦੀਆਂ ਕਮਿਊਨਿਟੀ ਸੇਵਾਵਾਂ ਅਤੇ ਸਹਾਇਤਾ ਦੀ ਬਜਟ ਵਰਕਸ਼ੀਟ**
**ਪ੍ਰਵਾਨਿਤ ਕਾਰਜ ਯੋਜਨਾਵਾਂ**

ਕਾਉਂਟੀ: ਸੱਟਰ-ਯੂਬਾ ਮੈਂਟਲ ਹੈਲਥ

ਵਿੱਤੀ ਸਾਲ: 2008-09

ਪ੍ਰੋਗਰਾਮ ਕਾਰਜਯੋਜਨਾ # 2

ਤਾਰੀਖ਼: 10/31/2008

ਪ੍ਰੋਗਰਾਮ ਕਾਰਜਯੋਜਨਾ ਦਾ ਨਾਮ ਜ਼ਰੂਰੀ ਸੇਵਾਵਾਂ

ਪੰਨਾ 1 ਕੁੱਲ 1

ਫ਼ੰਡਾਂ ਦੀ ਕਿਸਮ 2. ਸਿਸਟਮ ਦਾ ਵਿਕਾਸ

ਕਾਰਜ ਚਲਾਉਣ ਦੇ ਮਹੀਨੇ 12

ਪ੍ਰੋਗਰਾਮ/ਸੇਵਾ ਦੀ ਪ੍ਰਸਤਾਵਿਤ ਕੁੱਲ ਗਾਹਕ ਸਮਰੱਥਾ: 45

ਪ੍ਰੋਗਰਾਮ/ਸੇਵਾ ਦੀ ਮੌਜੂਦਾ ਗਾਹਕ ਸਮਰੱਥਾ: 45

ਤਿਆਰ ਕਰਤਾ: PL

MHSA ਦੁਆਰਾ ਵਧਾਏ ਗਏ ਪ੍ਰੋਗਰਾਮ/ਸੇਵਾ ਦੀ ਗਾਹਕ ਸਮਰੱਥਾ: 0

ਟੈਲੀਫ਼ੋਨ ਨੰਬਰ: (530) 822-7200

| | **ਅਨੁਮਾਨਿਤ ਵਿੱਤੀ ਸਾਲ 2007/08 ਲਈ ਖ਼ਰਚੇ ਅਤੇ ਮਾਲੀਏ** | **ਅਨੁਮਾਨਿਤ ਵਿੱਤੀ ਸਾਲ 2008/09 ਲਈ ਖ਼ਰਚੇ ਅਤੇ ਮਾਲੀਏ** |
|---|---|---|
| **A. ਖ਼ਰਚੇ** | | |
| 1. ਗਾਹਕ, ਪਰਿਵਾਰ ਮੈਂਬਰ ਅਤੇ ਦੇਖਭਾਲ ਕਰਨ ਵਾਲੇ ਦੀ ਸਹਾਇਤਾ ਦਾ ਖ਼ਰਚ | | |
| a. ਰਹਿਣ ਦੀ ਜਗ੍ਹਾ | | |
| b. ਦੂਸਰੀ ਸਹਾਇਤਾ | | |
| 2. ਕਰਮਚਾਰੀਆਂ ਦੇ ਖ਼ਰਚੇ | $312,602 | $508,150 |
| 3. ਕਾਰਜ ਚਲਾਉਣ ਦੇ ਖ਼ਰਚੇ | $43,048 | $50,000 |
| 4. ਪ੍ਰੋਗਰਾਮ ਪ੍ਰਬੰਧਨ | | |
| 5. ਅਨੁਮਾਨਿਤ ਕੁੱਲ ਖ਼ਰਚ ਜਦੋਂ ਸੇਵਾ ਪ੍ਰਦਾਤਾ ਦਾ ਪਤਾ ਨਾ ਹੋਵੇ | | |
| 6. ਅਣ-ਆਵਰਤੀ ਖ਼ਰਚੇ | $179 | |
| **7. ਕੁੱਲ ਪ੍ਰਸਤਾਵਿਤ ਪ੍ਰੋਗਰਾਮ ਬਜਟ** | **$355,829** | **$558,150** |
| **B. ਮਾਲੀਏ** | | |
| **1. ਮੌਜੂਦਾ ਮਾਲੀਏ** | | |
| **2. ਨਵੇਂ ਮਾਲੀਏ** | | |
| a. Medi-Cal (ਸਿਰਫ਼ FFP) | | $230,000 |
| b. ਰਾਜ ਦੇ ਆਮ ਫ਼ੰਡ | | $89,000 |
| c. ਦੂਸਰੇ ਮਾਲੀਏ | | |
| d. ਕੁੱਲ ਨਵੇਂ ਮਾਲੀਏ | $0 | $319,000 |
| **3. ਕੁੱਲ ਮਾਲੀਏ** | $0 | $319,000 |
| **C. ਫ਼ੰਡਿੰਗ ਦੀਆਂ ਕੁੱਲ ਲੋੜਾਂ** | **$355,829** | **$239,150** |

# ਅੰਤਿਕਾ E
# ਵਿਖਾਲਾ 5b

**FY 2008/09 ਮਾਨਸਿਕ ਸਿਹਤ ਸੇਵਾਵਾਂ ਦੇ ਕਾਨੂੰਨ ਦੀਆਂ ਕਮਿਊਨਿਟੀ ਸੇਵਾਵਾਂ ਅਤੇ ਸਹਾਇਤਾ ਦੀ ਬਜਟ ਵਰਕਸ਼ੀਟ**
**ਪ੍ਰਵਾਨਿਤ ਕਾਰਜ ਯੋਜਨਾਵਾਂ**

ਕਾਉਂਟੀ: ਸੱਟਰ-ਯੂਬਾ ਮੈਂਟਲ ਹੈਲਥ — ਵਿੱਤੀ ਸਾਲ: 2008-09

ਪ੍ਰੋਗਰਾਮ ਕਾਰਜਯੋਜਨਾ # 5 — ਤਾਰੀਖ਼: 10/31/2008

ਪ੍ਰੋਗਰਾਮ ਕਾਰਜਯੋਜਨਾ ਦਾ ਨਾਮ ਵਡੇਰੀ ਉਮਰ ਦੇ ਬਾਲਗਾਂ ਦੀਆਂ ਸੇਵਾਵਾਂ — ਪੰਨਾ 1 ਕੁੱਲ 1

ਫ਼ੰਡਾਂ ਦੀ ਕਿਸਮ 3. ਲੋਕਾਂ ਤਕ ਜਾਣਾ ਅਤੇ ਉਹਨਾਂ ਨੂੰ ਜੋੜਣਾ — ਕਾਰਜ ਚਲਾਉਣ ਦੇ ਮਹੀਨੇ 12

ਪ੍ਰੋਗਰਾਮ/ਸੇਵਾ ਦੀ ਪ੍ਰਸਤਾਵਿਤ ਕੁੱਲ ਗਾਹਕ ਸਮਰੱਥਾ: 200

ਪ੍ਰੋਗਰਾਮ/ਸੇਵਾ ਦੀ ਮੌਜੂਦਾ ਗਾਹਕ ਸਮਰੱਥਾ: 200 — ਤਿਆਰ ਕਰਤਾ: PL

MHSA ਦੁਆਰਾ ਵਧਾਏ ਗਏ ਪ੍ਰੋਗਰਾਮ/ਸੇਵਾ ਦੀ ਗਾਹਕ ਸਮਰੱਥਾ: 0 — ਟੈਲੀਫ਼ੋਨ ਨੰਬਰ: (530) 822-7200

| | **ਅਨੁਮਾਨਿਤ ਵਿੱਤੀ ਸਾਲ 2007/08 ਲਈ ਖ਼ਰਚੇ ਅਤੇ ਮਾਲੀਏ** | **ਅਨੁਮਾਨਿਤ ਵਿੱਤੀ ਸਾਲ 2008/09 ਲਈ ਖ਼ਰਚੇ ਅਤੇ ਮਾਲੀਏ** |
|---|---|---|
| **A. ਖ਼ਰਚੇ** | | |
| 1. ਗਾਹਕ, ਪਰਿਵਾਰ ਮੈਂਬਰ ਅਤੇ ਦੇਖਭਾਲ ਕਰਨ ਵਾਲੇ ਦੀ ਸਹਾਇਤਾ ਦਾ ਖ਼ਰਚ | | |
| a. ਰਹਿਣ ਦੀ ਜਗ੍ਹਾ | | |
| b. ਦੂਸਰੀ ਸਹਾਇਤਾ | | |
| 2. ਕਰਮਚਾਰੀਆਂ ਦੇ ਖ਼ਰਚੇ | $128,504 | $154,866 |
| 3. ਕਾਰਜ ਚਲਾਉਣ ਦੇ ਖ਼ਰਚੇ | $223,187 | $225,000 |
| 4. ਪ੍ਰੋਗਰਾਮ ਪ੍ਰਬੰਧਨ | | |
| 5. ਅਨੁਮਾਨਿਤ ਕੁੱਲ ਖ਼ਰਚ ਜਦੋਂ ਸੇਵਾ ਪ੍ਰਦਾਤਾ ਦਾ ਪਤਾ ਨਾ ਹੋਵੇ | | |
| 6. ਅਣ-ਆਵਰਤੀ ਖ਼ਰਚੇ | $411 | |
| **7. ਕੁੱਲ ਪ੍ਰਸਤਾਵਿਤ ਪ੍ਰੋਗਰਾਮ ਬਜਟ** | **$352,102** | **$379,866** |
| **B. ਮਾਲੀਏ** | | |
| **1. ਮੌਜੂਦਾ ਮਾਲੀਏ** | | |
| **2. ਨਵੇਂ ਮਾਲੀਏ** | | |
| a. Medi-Cal (ਸਿਰਫ਼ FFP) | | $115,000 |
| b. ਰਾਜ ਦੇ ਆਮ ਫ਼ੰਡ | | |
| c. ਦੂਸਰੇ ਮਾਲੀਏ | $275 | |
| d. ਕੁੱਲ ਨਵੇਂ ਮਾਲੀਏ | $275 | $115,000 |
| **3. ਕੁੱਲ ਮਾਲੀਏ** | $275 | $115,000 |
| **C. ਫ਼ੰਡਿੰਗ ਦੀਆਂ ਕੁੱਲ ਲੋੜਾਂ** | **$351,827** | **$264,866** |

# ਅੰਤਿਕਾ E
# ਵਿਖਾਲਾ 5b

**FY 2008/09 ਮਾਨਸਿਕ ਸਿਹਤ ਸੇਵਾਵਾਂ ਦੇ ਕਾਨੂੰਨ ਦੀਆਂ ਕਮਿਊਨਿਟੀ ਸੇਵਾਵਾਂ ਅਤੇ ਸਹਾਇਤਾ ਦੀ ਬਜਟ ਵਰਕਸ਼ੀਟ**
**ਪ੍ਰਵਾਨਿਤ ਕਾਰਜ ਯੋਜਨਾਵਾਂ**

ਕਾਉਂਟੀ: ਸੱਟਰ-ਯੂਬਾ ਮੈਂਟਲ ਹੈਲਥ — ਵਿੱਤੀ ਸਾਲ: 2008-09
ਪ੍ਰੋਗਰਾਮ ਕਾਰਜਯੋਜਨਾ # 6 — ਤਾਰੀਖ਼: 10/31/2008
ਪ੍ਰੋਗਰਾਮ ਕਾਰਜਯੋਜਨਾ ਦਾ ਨਾਮ ਨਸਲੀ ਲੋਕਾਂ ਤਕ ਪਹੁੰਚਣਾ — ਪੰਨਾ 1 ਕੁੱਲ 1
ਫ਼ੰਡਾਂ ਦੀ ਕਿਸਮ 3. ਲੋਕਾਂ ਤਕ ਜਾਣਾ ਅਤੇ ਉਹਨਾਂ ਨੂੰ ਜੋੜਣਾ — ਕਾਰਜ ਚਲਾਉਣ ਦੇ ਮਹੀਨੇ 12
ਪ੍ਰੋਗਰਾਮ/ਸੇਵਾ ਦੀ ਪ੍ਰਸਤਾਵਿਤ ਕੁੱਲ ਗਾਹਕ ਸਮਰੱਥਾ: 280
ਪ੍ਰੋਗਰਾਮ/ਸੇਵਾ ਦੀ ਮੌਜੂਦਾ ਗਾਹਕ ਸਮਰੱਥਾ: — ਤਿਆਰ ਕਰਤਾ: PL
MHSA ਦੁਆਰਾ ਵਧਾਏ ਗਏ ਪ੍ਰੋਗਰਾਮ/ਸੇਵਾ ਦੀ ਗਾਹਕ ਸਮਰੱਥਾ: 280 — ਟੈਲੀਫ਼ੋਨ ਨੰਬਰ: (530) 822-7200

| | **ਅਨੁਮਾਨਿਤ ਵਿੱਤੀ ਸਾਲ 2007/08 ਲਈ ਖ਼ਰਚੇ ਅਤੇ ਮਾਲੀਏ** | **ਅਨੁਮਾਨਿਤ ਵਿੱਤੀ ਸਾਲ 2008/09 ਲਈ ਖ਼ਰਚੇ ਅਤੇ ਮਾਲੀਏ** |
|---|---|---|
| **A. ਖ਼ਰਚੇ** | | |
| 1. ਗਾਹਕ, ਪਰਿਵਾਰ ਮੈਂਬਰ ਅਤੇ ਦੇਖਭਾਲ ਕਰਨ ਵਾਲੇ ਦੀ ਸਹਾਇਤਾ ਦਾ ਖ਼ਰਚ | | |
| a. ਰਹਿਣ ਦੀ ਜਗ੍ਹਾ | | |
| b. ਦੂਸਰੀ ਸਹਾਇਤਾ | | |
| 2. ਕਰਮਚਾਰੀਆਂ ਦੇ ਖ਼ਰਚੇ | $366,929 | $569,569 |
| 3. ਕਾਰਜ ਚਲਾਉਣ ਦੇ ਖ਼ਰਚੇ | $48,148 | $50,000 |
| 4. ਪ੍ਰੋਗਰਾਮ ਪ੍ਰਬੰਧਨ | | |
| 5. ਅਨੁਮਾਨਿਤ ਕੁੱਲ ਖ਼ਰਚ ਜਦੋਂ ਸੇਵਾ ਪ੍ਰਦਾਤਾ ਦਾ ਪਤਾ ਨਾ ਹੋਵੇ | | |
| 6. ਅਣ-ਆਵਰਤੀ ਖ਼ਰਚੇ | $274 | |
| **7. ਕੁੱਲ ਪ੍ਰਸਤਾਵਿਤ ਪ੍ਰੋਗਰਾਮ ਬਜਟ** | **$415,351** | **$619,569** |
| **B. ਮਾਲੀਏ** | | |
| **1. ਮੌਜੂਦਾ ਮਾਲੀਏ** | | |
| **2. ਨਵੇਂ ਮਾਲੀਏ** | | |
| a. Medi-Cal (ਸਿਰਫ਼ FFP) | | $115,000 |
| b. ਰਾਜ ਦੇ ਆਮ ਫ਼ੰਡ | | $45,000 |
| c. ਦੂਸਰੇ ਮਾਲੀਏ | | |
| d. ਕੁੱਲ ਨਵੇਂ ਮਾਲੀਏ | $0 | $160,000 |
| **3. ਕੁੱਲ ਮਾਲੀਏ** | $0 | $160,000 |
| **C. ਫ਼ੰਡਿੰਗ ਦੀਆਂ ਕੁੱਲ ਲੋੜਾਂ** | **$415,351** | **$459,569** |

# ਅੰਤਿਕਾ E
# ਵਿਖਾਲਾ 5b

**FY 2008/09 ਮਾਨਸਿਕ ਸਿਹਤ ਸੇਵਾਵਾਂ ਦੇ ਕਾਨੂੰਨ ਦੀਆਂ ਕਮਿਊਨਿਟੀ ਸੇਵਾਵਾਂ ਅਤੇ ਸਹਾਇਤਾ ਦੀ ਬਜਟ ਵਰਕਸ਼ੀਟ**
**ਪ੍ਰਵਾਨਿਤ ਕਾਰਜ ਯੋਜਨਾਵਾਂ**

ਕਾਉਂਟੀ: ਸੱਟਰ-ਯੂਬਾ ਮੈਂਟਲ ਹੈਲਥ — ਵਿੱਤੀ ਸਾਲ: 2008-09

ਪ੍ਰੋਗਰਾਮ ਕਾਰਜਯੋਜਨਾ # 7 — ਤਾਰੀਖ਼: 10/31/2008

ਪ੍ਰੋਗਰਾਮ ਕਾਰਜਯੋਜਨਾ ਦਾ ਨਾਮ ਏਕੀਕਿਰਤ FSP — ਪੰਨਾ 1 ਕੁੱਲ 1

ਫ਼ੰਡਾਂ ਦੀ ਕਿਸਮ 1. ਪੂਰੀ ਸੇਵਾ ਦੀ ਭਾਈਵਾਲੀ — ਕਾਰਜ ਚਲਾਉਣ ਦੇ ਮਹੀਨੇ 12

ਪ੍ਰੋਗਰਾਮ/ਸੇਵਾ ਦੀ ਪ੍ਰਸਤਾਵਿਤ ਕੁੱਲ ਗਾਹਕ ਸਮਰੱਥਾ: 80

ਪ੍ਰੋਗਰਾਮ/ਸੇਵਾ ਦੀ ਮੌਜੂਦਾ ਗਾਹਕ ਸਮਰੱਥਾ: 80 — ਤਿਆਰ ਕਰਤਾ: PL

MHSA ਦੁਆਰਾ ਵਧਾਏ ਗਏ ਪ੍ਰੋਗਰਾਮ/ਸੇਵਾ ਦੀ ਗਾਹਕ ਸਮਰੱਥਾ: 0 — ਟੈਲੀਫ਼ੋਨ ਨੰਬਰ: (530) 822-7200

| | **ਅਨੁਮਾਨਿਤ ਵਿੱਤੀ ਸਾਲ 2007/08 ਲਈ ਖ਼ਰਚੇ ਅਤੇ ਮਾਲੀਏ** | **ਅਨੁਮਾਨਿਤ ਵਿੱਤੀ ਸਾਲ 2008/09 ਲਈ ਖ਼ਰਚੇ ਅਤੇ ਮਾਲੀਏ** |
|---|---|---|
| **A. ਖ਼ਰਚੇ** | | |
| 1. ਗਾਹਕ, ਪਰਿਵਾਰ ਮੈਂਬਰ ਅਤੇ ਦੇਖਭਾਲ ਕਰਨ ਵਾਲੇ ਦੀ ਸਹਾਇਤਾ ਦਾ ਖ਼ਰਚ | | |
| a. ਰਹਿਣ ਦੀ ਜਗ੍ਹਾ | | |
| b. ਦੂਸਰੀ ਸਹਾਇਤਾ | | |
| 2. ਕਰਮਚਾਰੀਆਂ ਦੇ ਖ਼ਰਚੇ | $1,574,165 | $2,864,667 |
| 3. ਕਾਰਜ ਚਲਾਉਣ ਦੇ ਖ਼ਰਚੇ | $314,237 | $335,000 |
| 4. ਪ੍ਰੋਗਰਾਮ ਪ੍ਰਬੰਧਨ | | |
| 5. ਅਨੁਮਾਨਿਤ ਕੁੱਲ ਖ਼ਰਚ ਜਦੋਂ ਸੇਵਾ ਪ੍ਰਦਾਤਾ ਦਾ ਪਤਾ ਨਾ ਹੋਵੇ | | |
| 6. ਅਣ-ਆਵਰਤੀ ਖ਼ਰਚੇ | $1,480 | |
| **7. ਕੁੱਲ ਪ੍ਰਸਤਾਵਿਤ ਪ੍ਰੋਗਰਾਮ ਬਜਟ** | **$1,889,882** | **$3,199,667** |
| **B. ਮਾਲੀਏ** | | |
| **1. ਮੌਜੂਦਾ ਮਾਲੀਏ** | | |
| **2. ਨਵੇਂ ਮਾਲੀਏ** | | |
| a. Medi-Cal (ਸਿਰਫ਼ FFP) | | $690,000 |
| b. ਰਾਜ ਦੇ ਆਮ ਫ਼ੰਡ | | $311,907 |
| c. ਦੂਸਰੇ ਮਾਲੀਏ | $3 | $5,000 |
| d. ਕੁੱਲ ਨਵੇਂ ਮਾਲੀਏ | $3 | $1,006,907 |
| **3. ਕੁੱਲ ਮਾਲੀਏ** | $3 | $1,006,907 |
| **C. ਫ਼ੰਡਿੰਗ ਦੀਆਂ ਕੁੱਲ ਲੋੜਾਂ** | **$1,889,879** | **$2,192,760** |